ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਪਟਿਆਲਾ

ਅਕਤੂਬਰ ੧੯੬੯




ਫ਼ਰੀਦਾ ਰਬ ਖਜੂਰੀ ਪਕੀਆ
ਮਾਖਿਆ ਨਈ ਵਹੰਨਿ ॥
ਜੋ ਜੋ ਵੰਞੈ ਡੀਹੜਾ
ਸੋ ਉਮਰ ਹਥ ਪਵੰਨਿ ॥


OCTOBER



www.AKJ.Org

# * ਲੇਖ-ਸੂਚੀ *


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | ਬਾਬਾ ਗਰਜਿਆ | ੪ | ਸੰਪਾਦਕ |
| ੨ | ਸਿੰਘਾਂ ਨੂੰ ਅਪੀਲ | ੫ | ਸੰਪਾਦਕ |
| ੩ | ਪਖੰਡੀ ਸਾਧ ਦੀ ਕਹਾਣੀ | ੭ | ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ |
| ੪ | ਅਦੁਤੀ ਸ਼ਹੀਦੀ | ੯ | ਭਾਈ ਪਰਮਜੀਤ ਸਿੰਘ ਜੀ ਚੰਡੀਗੜ੍ਹ |
| ੫ | ਲੋਕ ਆਗੂ—ਗੁਰੂ ਨਾਨਕ ਦੇਵ ਜੀ | ੧੨ | ਬੀਬੀ ਕੁਲਦੀਪ ਕੌਰ ਜੀ ਪੰਜਾਬੀ ਯੂਨੀਵਰਸਟੀ ਪਟਿਆਲਾ । |
| ੬ | ਰੇਡੀਓ ਤੋਂ ਪੰਜਾਬੀ ਪ੍ਰੋਗਰਾਮ | ੧੪ | ਗੁਰੂ ਨਾਨਕ ਸਤਿਸੰਗ ਸਭਾ, ਸਿੰਘਾਪੁਰ |
| ੭ | ਸਿਖ ਧਰਮ—ਤੇ ਬੁਤ ਪ੍ਰਸਤੀ | ੧੫ | ਭਾ: ਜਗਤਾਰ ਸਿੰਘ ਜੀ ਰੇਲਵੇ ਗਾਰਡ ਕੋਟਾ |
| ੮ | ਬਖ਼ਸ਼ਿਸ਼ | ੧੮ | ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ |
| ੯ | ਗੁਰੂ ਨਾਨਕ ਸਾਹਿਬ ਜੀ ਦੀ ਤ੍ਰਿਤੀਆ ਯਾਤ੍ਰਾ | ੨੨ | ਭਾ: ਸੋਹਣ ਲਾਲ ਸਿੰਘ ਜੀ ਬਨਾਰਸ |
| ੧੦ | ਨਾਨਕ ਸਾਇਰ ਇਵ ਕਹਿਆ | ੨੬ | ਕਾਕਾ ਸਤਿਨਾਮ ਸਿੰਘ ਜੀ ਲੁਧਿਆਣਾ |
| ੧੧ | ਅਨਮੋਲ ਰਤਨ | ੩੧ | ਭਾਈ ਮਨਮੋਹਨ ਸਿੰਘ ਜੀ ਪਟਨਾ |
| ੧੨ | ਖਾਲਸਾ ਜੀ ਤੇ ਕੇਸ | ੩੫ | ਗਿ: ਜਸਮੇਰ ਸਿੰਘ ਜੀ 'ਪਾਲ' ਚੰਡੀਗੜ੍ਹ |
| ੧੩ | ਆਓ ਪ੍ਰਣ ਕਰੀਏ | ੩੭ | ਭਾ: ਜਗਤ ਸਿੰਘ ਜੀ 'ਜਗਤ' ਫਤੋਵਾਲ |
| ੧੪ | ਹਉਮੈ ਦੀਰਘ ਰੋਗ ਹੈ | ੪੦ | ਭਾ: ਕਰਮ ਸਿੰਘ ਜੀ ਭੰਡਾਰੀ ਬਰਨਾਲਾ |


## ਬਚੇ ਦੀ ਵਰ੍ਹੇਗੰਢ ਤੇ ਵਧਾਈ !

ਸ: ਜਗਤਾਰ ਸਿੰਘ ਜੀ ਨੇ ਆਪਣੇ ਇਕਲੋਤੇ ਬਚੇ ਦੀ ਯਾਦਗਾਰ ਵਿਚ 26 ਜੁਲਾਈ ਨੂੰ ਬਾਰ੍ਹਵੀਂ ਵਰ੍ਹੇਗੰਢ ਮਨਾਈ। ਪਾਠ ਤੋਂ ਉਪਰੰਤ ਕੀਰਤਨ ਤੇ ਫਿਰ ਧਰਮ ਅਰਥ ਪੰਜ ਸੌ ਦਮੜੇ ਅਰਦਾਸ ਕਰਾਏ । ਇਹਨਾਂ ਵਿਚੋਂ **11** ਰੁਪਏ ਸੂਰਾ ਰਸਾਲਾ ਦੀ ਸਹਾਇਤਾ ਲਈ ਦਿਤੇ । (ਮੈਨੇਜਰ—ਸੂਰਾ)

## 'ਸੂਰਾ' ਦਾ ਸਾਲਾਨਾ ਚੰਦਾ

ਦੇਸ— **7** ਰੁਪਏ ਪ੍ਰਦੇਸ—**12** ਰੁਪਏ ਸਮੁੰਦਰੀ ਡਾਕ

ਪ੍ਰਦੇਸ—**36** ਰੁਪਏ ਹਵਾਈ ਡਾਕ ਲ਼ਾਈਫ ਮੈਂਬਰ—**150** ਰੁਪਏ

ਪ੍ਰਤੀ ਕਾਪੀ **70** ਪੈਸੇ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




## ਗੁਰਮਤਿ ਪਰਚਾਰਕ ਮਾਸਕ ਪੱਤਰ

'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ
ਚਿਠੀ ਨੰ: 3/70-68-4-(ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।


ਜਿਲਦ ਨੰ: ੪ ] ਅਸੂ-ਕੱਤਕ ੫੦੦ ਨਾਨਕ ਸ਼ਾਹੀ [ ਅੰਕ ੯


ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
ਕਤਿਕਿ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ ॥

(ਬਾਰਹਮਾਹ ਮਾਝ ਮ: ੫ ਘਰੁ ੪)


ਮੁਖ ਸੰਪਾਦਕ :
ਪਿਆਰਾ ਸਿੰਘ

**ਅਕਤੂਬਰ ੧੯੬੯**

ਆਨਰੇਰੀ ਸੰਪਾਦਕ :
ਮਨੋਹਰ ਸਿੰਘ

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋ ਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਛਪਵਾ ਕੇ ਦਫਤਰ "ਸੂਰਾ" ਰਾਘੋ ਮਾਜਰਾ, ਪਟਿਆਲਾ ਤੋਂ 5 ਅਕਤੂਬਰ ਨੂੰ ਪ੍ਰਕਾਸ਼ਤ ਕੀਤਾ।



www.AKJ.org

# ਸੰਪਾਦਕੀ

## ਬਾਬਾ ਗਰਜਿਆ

ਜਿਵੇਂ ਸ਼ੇਰ ਦੀ ਗਰਜ ਸੁਣਕੇ ਹਰਨਾਂ ਦੀ ਡਾਰ ਦੌੜ ਜਾਂਦੀ ਹੈ ਤਿਵੇਂ ਹੀ ਬਾਬੇ ਨਾਨਕ ਦੀ ਗਰਜ ਨੇ ਪਾਪੀਆਂ ਤੇ ਜ਼ਾਲਮਾਂ ਨੂੰ ਇਕ ਵਾਰੀ ਤਾਂ ਸਿਧਾ ਰਸਤਾ ਦਿਖਾ ਦਿਤਾ' ਧਰਮ ਦੇ ਨਾਂ ਉਤੇ ਫਰੇਬ ਦਾ ਜਾਲ ਵਿਛਾ ਰਹੇ ਧਾਰਮਕ ਆਗੂਆਂ ਨੂੰ ਸੱਚ ਪਛਾਨਣ ਲਈ ਮਜਬੂਰ ਕਰ ਦਿਤਾ।

ਬਾਬਾ ਨਾਨਕ ਜਦੋਂ ਛੇ ਸਾਲਾਂ ਦਾ ਹੋਇਆ ਤਾਂ ਖਾਨਦਾਨੀ ਰੀਤ ਅਨੁਸਾਰ ਬਾਬੇ ਨਾਨਕ ਨੂੰ ਜਨੇਊ ਪਹਿਨਾਉਣ ਲਈ ਪੰਡਿਤ ਨੂੰ ਸਦਿਆ ਗਿਆ। ਧਾਗੇ ਦਾ ਜਨੇਊ ਤਿਆਰ ਕਰਕੇ ਜਦੋਂ ਪੰਡਿਤ ਜੀ ਪਹਿਨਾਉਣ ਲਗੇ ਤਾਂ ਬਾਬਾ ਗਰਜਿਆ ਕਿ ਮੈਂ ਤਾਂ ਗੁਣਾਂ ਰੂਪੀ ਜਨੇਊ ਹੀ ਪਾਉਣਾ ਹੈ ਜਿਸ ਵਿਚ ਦਇਆ ਰੂਪੀ ਕਪਾਹ ਹੋਵੇ, ਸੰਤੋਖ ਰੂਪੀ ਸੂਤ ਹੋਵੇ, ਉੱਚਾ ਆਚਰਨ (ਜੱਤ) ਰੂਪੀ ਧਾਗੇ ਨੂੰ ਗੰਢ ਹੋਵੇ, ਅਤੇ ਸਚਾਈ ਦਾ ਵੱਟ ਹੋਵੇ। ਬਾਬੇ ਦੀ ਗਰਜ ਸੀ ਕਿ ਮੈਂ ਉਹ ਹੀ ਜਨੇਊ ਪਾਵਾਂਗਾ, ਜਿਸ ਨਾਲ ਦਇਆ, ਸਬਰ, ਜਤ-ਸੱਤ ਤੇ ਸਚਾਈ ਮੇਰਾ ਜੀਵਨ ਆਧਾਰ ਬਣ ਜਾਵੇ।

ਬਾਬੇ ਦੇ ਸਮੇਂ ਸਾਰੀ ਜਨਤਾ ਬਾਦਸ਼ਾਹਾਂ ਨੂੰ ਰੱਬ ਵਲੋਂ ਭੇਜੇ ਹੋਏ ਖ਼ਾਸ ਬੰਦੇ ਮੰਨਦੀ ਸੀ, ਪਰ ਜਦੋਂ ਬਾਬੇ ਤਕਿਆ ਕਿ ਬਾਬਰ ਬਾਦਸ਼ਾਹ ਲੋਕਾਂ ਉਤੇ ਜ਼ੁਲਮ ਕਰ ਰਿਹਾ ਹੈ, ਤਾਂ ਬਾਬੇ ਗਰਜ ਕੇ ਕਿਹਾ—

'ਪਾਪ ਕੀ ਜੰਞ ਲੈ ਕਾਬਲੋ ਧਾਇਆ ਜੋਰੀ ਮੰਗੈ ਦਾਨ ਵੇ ਲਾਲੋ ॥'

ਰਾਜਿਆਂ ਦੇ ਨੀਵੇਂ ਕਰਮ ਦੇਖਕੇ ਬਾਬੇ ਵਲੋਂ ਗਰਜਵੀਂ ਆਵਾਜ਼ ਆਈ—

'ਰਾਜੇ ਸ਼ੀਂਹ ਮੁਕੱਦਮ ਕੁੱਤੇ ॥ ਜਾਇ ਜਗਾਇਨ ਬੈਠੇ ਸੁਤੇ ॥'

ਮੁਸਲਮਾਨੀ ਰਾਜ ਵਿਚ ਰਾਗ ਗਾਉਣ ਅਤੇ ਰਾਗਾਂ ਵਿਚ ਰੱਬੀ ਸਿਫ਼ਤ ਕਰਨ ਦੀ ਸਖ਼ਤ ਮਨਾਹੀ ਸੀ। ਬਾਬੇ ਨਾਨਕ ਨੇ ਕੇਵਲ ਵੱਖ ਵੱਖ ਰਾਗਾਂ ਵਿਚ ਰੱਬੀ ਬਾਨੀ ਹੀ ਨਹੀਂ ਰਚੀ, ਸਗੋਂ ਸਾਰੀ ਉਮਰ ਰਬਾਬੀ ਮਰਦਾਨੇ ਨੂੰ ਨਾਲ ਲੈ ਕੇ ਕੀਰਤਨ ਦੀਆਂ ਗੂੰਜਾਂ ਪਾਈਆਂ।

ਬਾਬਾ ਕਿਉਂ ਗਰਜਿਆ, ਕਿਉਂਕਿ ਉਹ ਅਕਾਲ ਦਾ ਪੁਜਾਰੀ ਸੀ। ਬਾਬੇ ਦੀ ਗਰਜਨਾਂ ਵਿਚ ਕਿਉਂ ਤਕਤੀ ਸੀ, ਕਿਉਂਕਿ ਬਾਬੇ ਨੂੰ ਨਾਮ-ਖੁਮਾਰੀ ਦਿਨ-ਰਾਤ ਚੜ੍ਹੀ ਰਹਿੰਦੀ ਸੀ।

ਸਾਡੀ ਜੋਦੜੀ ਹੈ ਕਿ ਬਾਬਾ ਨਾਨਕ ਅਜਿਹੀ ਹੀ ਗਰਜਨਾਂ ਵਾਲੀ ਕੋਈ ਨਾਮ ਰੱਤੀ ਰੂਹ ਭੇਜੇ ਜੋ ਵਿਸ਼ੇ ਵਿਕਾਰ ਅਤੇ ਝੂਠ ਫ਼ਰੇਬ ਵਿਚ ਗ਼ਲਤਾਨ ਹੋ ਰਹੀ ਦੁਨੀਆਂ ਨੂੰ ਆਪਣੀ ਗਰਜਨਾਂ ਨਾਲ ਸਿੱਧੇ ਰਾਹੇ ਪਾ ਸਕੇ।


www.AKJ.org

# † ਸਿੰਘਾਂ ਨੂੰ ਅਪੀਲ †

ਸਰਬਤ ਗੁਰੂ ਪਿਆਰਿਆਂ ਅਤੇ ਸੂਰਾ ਦੇ ਪਾਠਕਾਂ ਨੂੰ ਪਤਾ ਹੀ ਹੈ ਕਿ 23-7-67 ਨੂੰ ਸੂਰਾ ਪ੍ਰਿੰਟਿੰਗ ਪ੍ਰੈਸ ਪੰਜ ਪਿਆਰਿਆਂ ਦੀ ਅਸ਼ੀਰਵਾਦ ਨਾਲ ਲਾਇਆ ਗਿਆ ਸੀ। ਇਸ ਪ੍ਰੈਸ ਵਿਚੋਂ ਜਿਥੇ ਹਰ ਮਹੀਨੇ ਸੂਰਾ ਮਾਸਕ ਪਤਰ ਬਾਕਾਇਦਾ ਛਪ ਰਿਹਾ ਹੈ, ਉਥੇ ਨਾਲ ਹੀ ਹੁਣ ਤਕ ਜੀਵਨ ਬ੍ਰਿਤਾਂਤ, ਗੁਰਸਿਖ ਰਹਿਣੀ ਅਤੇ ਬਾਬਾ ਹੋਰ ਖਾਣਾ ਖੁਸੀ ਖੁਆਰ ਆਦਿਕ ਕਈ ਕਿਤਾਬਾਂ ਵੀ ਛੱਪ ਚੁਕੀਆਂ ਹਨ।

ਪਿਛਲੇ ਤਿੰਨ ਸਾਲਾਂ ਤੋਂ ਸੂਰਾ ਪ੍ਰੈਸ ਨੂੰ ਹੋਰ ਪ੍ਰੈਸਾਂ ਬਰਾਬਰ ਖੜੇ ਰਰਨ ਲਈ ਤੇ ਹੋਰ ਹਰ ਪਾਸਿਉਂ ਮੁਕੰਮਲ ਕਰਨ ਲਈ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਟਾਈਪ ਲਿਆਂਦੇ ਗਏ ਹਨ। ਪੰਜਾਬੀ ਵਿਚ ਹੀ ਸਤ ਕਿਸਮਾਂ ਦੇ, ਹਿੰਦੀ ਵਿਚ ਤਿੰਨ ਕਿਸਮ ਦੇ ਅਤੇ ਅੰਗਰੇਜ਼ੀ ਵਿਚ ਅਠ ਕਿਸਮਾਂ ਦੇ ਟਾਇਪ ਲਿਆਂਦੇ ਗਏ ਹਨ।

ਇਹ ਸਾਰੇ ਖਰਚ ਨੂੰ ਪੂਰਾ ਕਰਨ ਲਈ ਸੂਰਾ ਦੇ ਪਰਬੰਧਕਾਂ ਨੂੰ ਕੁਝ ਰਕਮ ਉਧਾਰ ਲੈਣੀ ਪਈ। ਜਿਸ ਦਾ ਭਾਰ ਪ੍ਰਬੰਧਕ ਛੇਤੀ ਲਾਹੁਣਾ ਚਾਹੁੰਦੇ ਹਨ। ਇਹ ਕਾਰਜ ਤਾਂ ਹੀ ਹੋ ਸਕਦਾ ਹੈ ਜੇ ਸਾਰੀਆਂ ਸੰਗਤਾਂ ਆਪਣੀ ਕਿਰਤ ਕਮਾਈ ਵਿਚੋਂ ਇਕ ਮਹੀਨੇ ਦਾ ਦਸਵੰਧ ਪ੍ਰੈਸ ਨੂੰ ਭੇਜਣ ਦੀ ਕ੍ਰਿਪਾਲਤਾ ਕਰਨ।

ਪ੍ਰਬੰਧਕਾਂ ਦਾ ਵਿਚਾਰ ਹੈ ਕਿ ਸਤਿਗੁਰੂ ਜੀ ਦੀ ਬਖਸ਼ਿਸ਼ ਅਤੇ ਸਤਿਗੁਰੂ ਪਿਆਰਿਆਂ ਦਾ ਸਹਿਯੋਗ ਜੇ ਪਿਛਲੇ ਸਾਲਾਂ ਦੀ ਤਰ੍ਹਾਂ ਹੀ ਉਤਸ਼ਾਹ ਭਰਪੂਰ ਹੀ ਰਿਹਾ ਤਾਂ ਅਗਲੇ ਸਾਲ ਤੋਂ ਇਹ ਸੂਰਾ ਮਾਸਿਕ ਪਤਰ ਨੂੰ ਪੰਦਰਵਾੜਾ ਬਣਾਉਣ ਦਾ ਯਤਨ ਕੀਤਾ ਜਾਵੇਗਾ। ਤਾਂ ਜੋ ਇਹ ਪਤਰ ਕਲਜੁਗੀ ਜੀਵਾਂ ਦੇ ਮਨਾਂ ਨੂੰ ਹੋਰ ਹਲੂਣਾ ਦੇ ਕੇ ਲੋਕ ਪ੍ਰਲੋਕ ਸੁਧਾਰਨ ਦੀ ਜਾਚ ਦਸ ਸਕੇ।

ਇਸ ਲਈ 'ਸੂਰਾ' ਦਾ ਅਗਲੇ ਸਾਲ ਦਾ ਸਾਲਾਨਾ ਚੰਦਾ–ਦੇਸ਼ 12 ਰੁਪਏ, ਪ੍ਰਦੇਸ 20 ਰੁਪਏ ਸਮੁੰਦਰੀ ਡਾਕ, ਪ੍ਰਦੇਸ 60 ਰੁਪਏ ਹਵਾਈ ਡਾਕ, ਲਾਇਫ਼ ਮੈਂਬਰ 250 ਰੁਪਏ, ਪ੍ਰਤੀ ਕਾਪੀ 70 ਪੈਸੇ।

ਆਸ ਹੈ ਕਿ ਸਰਬਤ ਗੁਰੂ ਪਿਆਰੇ ਸਾਡੀ ਇਹ ਬੇਨਤੀ ਪਰਵਾਨ ਕਰਨਗੇ।

ਦਾਸ, ਮੈਨੇਜਰ–ਸੂਰਾ ਪ੍ਰੈਸ' ਰਾਘੋ ਮਾਜਰਾ, ਪਟਿਆਲਾ।

## ਸਹਾਇਤਾ ਮਾਸਕ ਪੱਤਰ 'ਸੂਰਾ'

| | |
|---|---|
| ਭਾਈ ਬਾਨ ਸਿੰਘ ਹਰੀਆਂ ਵੇਲਾਂ | 2-00 |
| ਕੈਪਟਨ ਬਚਿਤਰ ਸਿੰਘ | 10-00 |
| ਸ੍ਰ. ਆਤਮਾ ਸਿੰਘ ਬੰਬਈ | 151-00 |
| ਦਸਮੇਸ਼ ਇੰਜੀਨੀਅਰਿੰਗ ਵਰਕਸ ਦਸੂਹਾ | 10-00 |
| ਪ੍ਰਵਾਰ–ਹਕੀਮ ਜੈ ਸਿੰਘ ਚੱਢਾ, ਪਟਿਆਲਾ | 51-00 |

## ਸਹਾਇਤਾ ਸੂਰਾ ਪ੍ਰੈਸ

| | |
|---|---|
| ਇਕ ਗੁਰਮੁਖ | 30-00 |
| ਸ੍ਰ. ਕੁਲਦੀਪ ਸਿੰਘ ਜੀ ਇੰਦੋਰ | 21-00 |
| ਪ੍ਰਵਾਰ–ਹਕੀਮ ਜੈ ਸਿੰਘ ਜੀ ਚੱਢਾ ਪਟਿਆਲਾ। | 11-00 |


www.AKJ.Org

# ਸਾਲਾਨਾ ਅਖੰਡ ਕੀਰਤਨ ਪ੍ਰੋਗਰਾਮ ਦਿਲੀ

ਕੀਰਤਨ ਆਸਾ ਦੀ ਵਾਰ (ਅਰੰਭ ਸਵੇਰੇ ਪੰਜ ਵਜੇ)

੧੬-੧੦-੬੯ ਵੀਰਵਾਰ ਸਲਵਾਨ (**Boys**) ਸਕੂਲ, ਰਾਜਿੰਦਰ ਨਗਰ (ਮੇਨ ਮਾਰਕਿਟ ਦੇ ਪਿਛੇ) ਨਵੀਂ ਦਿਲੀ

੧੭-੧੦-੬੯ ਸ਼ੁਕਰਵਾਰ ਗੁਰਦਵਾਰਾ ਸੀਸ ਗੰਜ ਸਾਹਿਬ ਦਿਲੀ।

੧੮-੧੦-੬੯ ਸਨਿਚਰਵਾਰ ਗੁਰਦਵਾਰਾ ਸੀਸ ਗੰਜ ਸਾਹਿਬ ਦਿਲੀ।

੧੯-੧੦-੬੯ ਐਤਵਾਰ ਗੁਰਦਵਾਰਾ ਬੰਗਲਾ ਸਾਹਿਬ ਨਵੀਂ ਦਿਲੀ।

ਸ਼ਾਮ—ਪਾਠ ਰਹਿਰਾਸ ਸਾਹਿਬ ਤੇ ਕੀਰਤਨ ੬—੩੦ ਤੋਂ ੯ ਤਕ।

੧੬-੧੦-੬੯ ਗੁਰਦਵਾਰਾ ਰਕਾਬ ਗੰਜ ਸਾਹਿਬ ਨਵੀਂ ਦਿਲੀ।

੧੭-੧੦-੬੯ ਗੁਰਦਵਾਰਾ ਬਸਤੀ ਹਰਫੂਲ ਸਿੰਘ (ਸਦਰ ਥਾਨਾ ਰੋਡ) ਦਿਲੀ।

੧੮-੧੦-੬੯ ਗੁਰਦਵਾਰਾ ਕਰੋਲ ਬਾਗ ਨਵੀਂ ਦਿਲੀ।

੧੯-੧੦-੬੯ ਐਤਵਾਰ ੮ ਵਜੇ ਰਾਤ ਤੋਂ ੨੦-੧੦-੬੯ ਸੋਮਵਾਰ ਸਵੇਰੇ ੬ ਵਜੇ ਤਕ ਕੀਰਤਨ ਰੈਣ ਸਬਾਈ ਗੁਰਦਵਾਰਾ ਮਾਤਾ ਸੁੰਦਰੀ ਜੀ ਨਵੀਂ ਦਿਲੀ।

੧੯-੧੦-੬੯ ਐਤਵਾਰ ਅੰਮ੍ਰਿਤ ਸੰਚਾਰ ੨ ਵਜੇ ਦਿਨੇ ਗੁਰਦਵਾਰਾ ਮਾਤਾ ਸੁੰਦਰੀ ਜੀ ਨਵੀਂ ਦਿਲੀ।

ਅਖੰਡ ਕੀਰਤਨੀ ਜੱਥਾ, ਦਿਲੀ।

ਨੋਟ: (੧) ਬਾਹਰੋਂ ਆਉਣ ਵਾਲੀਆਂ ਸੰਗਤਾਂ ਦਾ ਉਤਾਰਾ ਸਲਵਾਨ **Boys** ਸਕੂਲ, ਸਕੂਲ ਮਾਰਗ, ਰਾਜਿੰਦਰ ਨਗਰ, ਮੇਨ ਮਾਰਕੀਟ ਦੇ ਪਿਛੇ ਨਵੀਂ ਦਿਲੀ ਹੋਵੇਗਾ।

(੨) ਸਲਵਾਨ ਸਕੂਲ ਰਾਜਿੰਦਰ ਨਗਰ ਨਵੀਂ ਦਿਲੀ ਪੁਜਣ ਲਈ ਫੁਵਾਰੇ ਤੋਂ ੧੩-ਬੀ, ਲਾਲ ਕਿਲੇ ਤੋਂ ੨੧, ੪-ਏ ਨਵੀਂ ਦਿਲੀ ਸਟੇਸ਼ਨ ਤੋਂ ੩੬,੨—ਏ ਨੰਬਰ ਬਸਾਂ ਮਿਲਦੀਆਂ ਹਨ।

## * ਸਰੋਵਰ ਦੀ ਸੇਵਾ ਦਾ ਮਹਾਨ ਕੁੰਭ *

ਜਿਸ ਖੂਹ ਤੇ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਟਿੰਡ ਉਤਾਰ ਕੇ ਜਲ ਛਕਿਆ ਸੀ। ਏਥੇ ਹੀ ਸੰਗਤਾਂ ਵਾਸਤੇ ਇਸ਼ਨਾਨ ਨੂੰ ਮੁਖ ਰਖਦਿਆਂ ਲੋਕਲ ਕਮੇਟੀ ਨੇ ਇਸ ਖੂਹ ਦੇ ਲਾਗੇ ਇਕ ਸਰੋਵਰ ਬਨਾਣ ਦਾ ਉਦਮ ਕੀਤਾ ਹੈ। ਇਸ ਖੂਹ ਦਾ ਪਾਣੀ ਸਰੋਵਰ ਵਿਚ ਪਾਇਆ ਜਾਵੇਗਾ। ਇਸ ਦੀ ਸੇਵਾ ਅਰੰਭ ਹੈ।

ਸੋ ਬੇਨਤੀ ਹੈ ਕਿ ਇਸ ਲਈ ਵਧ ਤੋਂ ਵਧ ਅਰਦਾਸ ਕਰਵਾ ਕੇ ਜਨਮ ਸਫਲਾ ਕਰੋ।

ਦਾਸ:— ਪਰਧਾਨ ਗੁ: ਪ੍ਰ: ਕਮੇਟੀ ਗੁ: ਚਰਨ ਕੰਵਲ ਸਾਹਿਬ, ਮਾਛੀਵਾੜਾ

www.AKJ.Org

# * ਪਖੰਡੀ ਸਾਧ ਦੀ ਕਹਾਣੀ *

(ਵਲੋਂ–ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਗਉੜੀ ਮਹਲਾ ੫ ॥

ਧੋਤੀ ਖੋਲਿ ਵਿਛਾਇ ਹੇਠ । ਗਰਧਪ ਵਾਂਗੂ ਲਾਹੇ ਪੇਟਿ । ੧ । ਬਿਨ ਕਰਤੂਤੀ ਮੁਕਤਿ ਨ ਪਾਈਐ । ਮੁਕਤਿ ਪਦਾਰਥੁ ਨਾਮੁ ਧਿਆਈਐ । ੧ । ਰਹਾਉ । ਪੂਜਾ ਤਿਲਕ ਕਰਤ ਇਸਨਾਨਾ । ਛੁਰੀ ਕਾਢਿ ਲੇਵੈ ਹਥਿ ਦਾਨਾ ॥ ੨ ॥ ਬੇਦ ਪੜੈ ਮੁਖਿ ਮੀਠੀ ਬਾਣੀ । ਜੀਆ ਕੁਹਤ ਨ ਸੰਗੈ ਪਰਾਣੀ । ੩ । ਕਹੁ ਨਾਨਕ ਜਿਸ ਕਿਰਪਾ ਧਾਰੈ । ਹਿਰਦਾ ਸੁਧ ਬ੍ਰਹਮੁ ਬੀਚਾਰੈ । ੪ । ੧੦ ।

ਕੋਈ ਕੋਈ ਸਰਾਧ ਖਾਣਾ ਕਰਮਕਾਰੀ ਡਿੰਭੀ ਬ੍ਰਹਮਣ ਐਸਾ ਭੀ ਹੁੰਦਾ ਹੈ ਜੋ ਅਨਮਤੀਆਂ ਦੇ ਵਿਆਹ ਸਰਾਧਾਂ ਸ਼ਮੇਂ ਧੀਂਗੋਜ਼ੋਰੀ ਜਾ ਕੇ ਖਾਣ ਪੀਣ ਨੂੰ ਮੰਗਦਾ ਹੈ । ਜੇ ਉਸਨੂੰ ਕੋਈ ਖਾਨ ਨੂੰ ਨ ਦੇਵੇ ਤਾਂ ਧੋਤੀ ਲਾਹਕੇ ਨੰਗਾ ਹੋ ਜਾਂਦਾ ਹੈ ਤੇ ਹੇਠਾਂ ਵਿਛਾ ਕੇ ਉਤੇ ਧਰਨਾ ਮਾਰ ਬੈਂਹਦਾ ਹੈ । ਗਧੇ ਵਾਂਗੂ ਮਲੋ ਮਲੀ ਖਾ ਕੇ ਪੇਟ ਭਰੀ ਜਾਂਦਾ ਹੈ । ਭਖ ਅਭਖ ਸਭ ਪੇਟ ਵਿਚ ਉਤਾਰੀ ਜਾਂਦਾ ਹੈ। ਇਸ ਬਿਧਿ ਸਰਬ ਭਖੀ ਬਣਕੇ ਉਹ ਜਣਾਉਂਦਾ ਹੈ ਕਿ ਮੈਂ ਪਹੁੰਚਿਆ ਹੋਇਆ ਹਾਂ ਤਮੀਜ਼ ਬਤਮੀਜ਼ ਦੀ ਸ਼ਰਮ ਤੋਂ ਬੇਸ਼ਰਮ ਤੇ ਬੇਗੈਰਤ ਲੋਗ ਨਾਂਗੇ ਸਾਧੂਆਂ ਭੇਖੀਆਂ ਨੂੰ ਅਸੀਂ ਪੂਜਦੇ ਵੇਖੇ ਹਨ । ਅਜੇਹੇ ਮੂਰਖ ਅਪਨੇ ਮਨਮਤੀ ਸੁਆਰਥ ਦੇ ਕਾਰਨ ਉਸ ਭੇਖੀ ਦੀਆਂ ਬੇਸ਼ਰਮੀ ਭਰੀਆਂ ਗਲਾਂ ਨੂੰ ਬੇਹੁਰਮਤੀ ਦੀਆਂ ਨਿਰੀਆਂ ਗਪੋੜਾਂ ਨੂੰ ਪਰਮ ਪਦ ਦੀਆਂ ਉਚ ਗਲਾਂ ਸਮਝਕੇ ਏਹਨਾਂ ਭੇਖੀਆਂ ਨੂੰ ਹੋਰ ਵਧੇਰੇ ਪੂਜਦੇ ਹਨ । ਜਿਉਂ ਜਿਉਂ ਐਸੇ ਬਦਇਖਲਾਕ ਭੇਖੀ ਊਲ ਜਲੂਲ ਬਕਦੇ ਹਨ । ਤਿਉਂ ਤਿਉਂ ਤਿਨਾਂ ਭੇਖੀਆਂ ਦੀ ਇਸ ਊਲ ਜਲੂਲ ਬਕਵਾਸ ਨੂੰ ਪਹੁੰਚੇ ਹੋਏ ਪੁਰਖਾਂ ਵਾਲੀ ਗਿਆਨ ਕਲਾ ਸਮਝਕੇ ਤਿਨਾਂ ਉਤੇ ਹੋਰ ਵਧੇਰੇ ਵਿਸ਼ਵਾਸ਼ ਏਹ ਮੂਰਖ ਲੋਗ ਜਮਾ ਲਿਆਉਂਦੇ ਹਨ । ਅਸੀਂ ਏਸ ਪਰਥਾਇ ਆਪਣੇ ਅਖੀਂ ਵੇਖਿਆ ਤੇ ਹੱਡ ਵਰਤਿਆ ਤਜਰਬਾ ਦਸਦੇ ਹਾਂ ।

ਸਿਰੀ ਗੁਰੂ ਰਾਮਦਾਸ ਜੀ ਦੀ ਨਗਰੀ ਵਿਖੇ ਅਸੀਂ ਲੋਕਾਂ ਪਾਸੋਂ ਇਕ ਐਸਾ ਭੇਖੀ ਸਾਧੜਾ ਸੁਣਿਆ ਜਿਸ ਦਾ ਨਾਉਂ ਅੰਮ੍ਰਿਤਸਰੀ ਆਨਮਤੀ ਲੋਗਾਂ ਨੇ ਵੱਟਾ (ਸਾਨ੍ਹ) ਪਾਇਆ ਹੋਇਆ ਸੀ । ਕਹਿੰਦੇ ਸਨ ਕਿ ਉਹ ਸਾਨ੍ਹ ਵਾਂਗੂ ਹੀ ਬੜ੍ਹਕਾਂ ਮਾਰਦਾ ਸੀ । ਸਾਨੂੰ ਇਸ ਭੇਖੀ ਨੂੰ ਟੱਕਰ ਕੇ ਸੋਧਣ ਦਾ ਬੜਾ ਡੂੰਘਾ ਖਿਆਲ ਸੀ । ਇਕ ਵਾਰ ਐਸਾ ਇਤਫਾਕ ਹੋਇਆ ਕਿ ਅਸੀਂ ਜਥੇ ਦੇ ਕਈ ਸਜਣ ਸਮੇਤ ਵਿਸਾਖੀ ਦੇ ਸਮਾਗਮ ਉਤੇ ਸ੍ਰੀ ਅੰਮ੍ਰਿਤਸਰ ਯਾਤਰਾ ਲਈ ਗਏ ਹੋਏ ਸਾਂ ਤੀਜੇ ਪਹਿਰੇ ਆਮ ਤੌਰ ਤੇ ਨਗਰੀ ਤੋਂ ਬਾਹਰ ਦੇ ਬਾਗਾਂ ਵਿਚ ਇਕਾਂਤ ਸਮਝਕੇ ਜਾ ਬਿਰਾਜਿਆ ਕਰਦੇ ਸਾਂ । ਇਕ ਦਿਨ ਅਸੀਂ ਚਾਰ ਪੰਜ ਸਿੰਘ ਗੁਲਾਬ ਦੇ ਬੂਟਿਆਂ ਦੇ ਬਾਗ ਵਿਚ ਸੰਘਣੇ ਬੂਟੇ ਦੀ ਛਾਂਵੇਂ ਅੜਿੰਗ ਬੜਿੰਗ ਹੋ ਰਹੇ ਸਾਂ ਕਿ ਅਚਾਨਕ ਹੀ ਸਾਡੇ ਕੰਨਾਂ ਵਿਚ ਸਾਨ੍ਹ ਵਾਲੀ ਬੜ੍ਹਕ ਦੀ ਬਨਾਵਟੀ ਆਵਾਜ਼ ਕੰਨੀ ਪਈ । ਸਿਰ ਚੱਕ ਕੇ ਦੇਖਿਆ ਕਿ ਕੁਝ ਫਾਸਲੇ ਤੇ ਚਲਦੇ ਰਾਹੋ ਰਾਹ ਇਕ ਨਾਂਗਾ ਸਾਧੜਾ ਅਲਫ ਨੰਗਾ ਖੇਹੂ ਪੌਂਦਾ ਚਲਿਆ ਆਉਂਦਾ ਸੀ । ਅਲਫ ਨੰਗਾ ਸੀ । ਉਮਰ ਦਾ ਅਜੇ ਚੜ੍ਹਦੀ ਜਵਾਨੀ ਵਿਚ ਹੀ ਸੀ । ਸਿਰ ਉਤੇ ਬਾਵਰੀਆਂ ਰਖੀਆਂ ਹੋਈਆਂ ਮੂੰਹ ਤੇ ਛੋਟੀ ਛੋਟੀ ਕਾਲੀ ਦਾਹੜੀ ਸੀ । ਰੰਗ ਦਾ ਗੋਰਾ ਛੋਹ ਹਰਾਮ ਦੇ ਖਾਣੇ ਖਾ ਖਾ ਕੇ ਪੇਟ ਫੁਲਿਆ ਹੋਇਆ, ਬੜੇ ਬੜੇ ਮੋਟੇ ਨੰਗੇ ਪੱਟ ਚਿਤੜ ਭੀ ਨੰਗੇ ਤੇ ਇੰਦਰਬਾਗ (ਇੰਦਰੀ ਵਾਲਾ ਥਾਉਂ) ਭੀ ਨਿਰਾ ਨੰਗਾ ਪੱਟਾਂ ਤੇ ਹੱਥ ਮਾਰ ਮਾਰ ਕੇ ਪਹਿਲਵਾਨਾਂ ਵਾਂਗੂ ਖੇਹੂ ਪਾਉਂਦਾ ਚਲਿਆ ਆਵੇ ਪੈਰਾਂ ਨਾਲ ਮਿਟੀ ਕਢ ਕੇ ਪਿਛੇ ਖੇਹ ਉਡਾਵੇ ਤੇ ਮਖੋਂ ਢੱਠੇ ਵਾਂਗੂ ਬੜਕ ਮਾਰ ਮਾਰ ਕੇ ਬੁਕੇ । ਏਤਨੇ ਨੂੰ ਇਕ ਭਲਾ ਲੋਕ ਨੌਜਵਾਨ ਅਨਮਤੀ ਆਪਣੀ ਨੌਜਵਾਨ ਇਸਤਰੀ ਨੂੰ ਅਗੇ ਲਾਈ ਉਸ ਢੱਠੇ ਸਾਧ ਵਲ ਤੁਰਿਆ ਆਉਂਦਾ ਹੈ । ਭੇਖੀ ਢਠਾ ਸਾਧੜਾ ਵਾਸਤਵ ਵਿਚ ਉਸ ਨਾਰੀ


www.AKJ.org

ਨੂੰ ਦੂਰੋਂ ਦੇਖ ਕੇ ਹੀ ਬੜ੍ਹਕਾਂ ਮਾਰਨ ਲਗਿਆ ਸੀ ਤੇ ਘੋਰੂ ਪਾਉਣ ਲਗਿਆ ਸੀ ਜਦੋਂ ਉਹ ਜੋੜੀ ਨੇੜੇ ਆਈ ਤਾਂ ਉਹ ਬੇਸ਼ਰਮ ਨੌਜਵਾਨ ਲੜਕਾ ਆਪ ਤਾਂ ਪਿਛੇ ਹਟ ਗਿਆ ਤੇ ਆਪਣੀ ਜਵਾਨ ਨਾਰੀ ਨੂੰ ਉਸ ਨੰਗੇ ਸਾਧੜੇ ਵਲ ਅਗਾਂਹ ਨੂੰ ਧੱਕ ਦਿਤਾ ਤੇ ਉਹ ਨੰਗਾ ਸਾਧੜਾ ਸਚ ਮੁੱਚ ਢਠੇ ਦੀ ਨਿਆਈਂ ਉਸ ਬੇਸ਼ਰਮ ਔਰਤ ਦੇ ਦੁਆਲੇ ਘੁਮ ਘੁਮ ਕੇ ਢਠੇ ਵਾਂਗੂ ਮੁਸ਼ਕ ਲੈ ਲੈ ਕੇ ਬੜਕਾਂ ਮਾਰਨ ਲਗਿਆ ਤੇ ਫੇਰ ਇਕ ਦਮ ਉਹ ਨਾਂਗਾ ਆਦਮੀ ਦੇ ਭੇਖ ਵਿਚ ਬਣਿਆ ਹੋਇਆ ਢਠਾ ਉਸ ਸੜਕ ਦੇ ਕਿਨਾਰੇ ਇਕ ਬਿਰਛ ਦੀ ਛਾਵੇਂ ਛਪਾਲ ਨੰਗਾ, ਪੈ ਗਿਆ ਉਹ ਕੁਮੱਤੇ ਇਸਤਰੀ ਪੁਰਸ਼ ਉਸ ਦੀ ਇਸ ਪੋਜ਼ੀਸ਼ਨ ਨੂੰ ਦੇਖਕੇ ਬੈਠ ਗਏ ਜਿਵੇਂ ਇਸ਼ਾਰਾ ਸਮਝ ਗਏ ਹੁੰਦੇ ਹਨ। ਉਸ ਨੰਗੇ ਸਾਧੂ ਦੀ ਮੁਠੀ ਚਾਪੀ ਕਰਨ ਲਗੇ ਇਕ ਪੱਟ ਤੇ ਮੁੰਡਾ ਮੁਠੀ ਚਾਪੀ ਕਰੇ ਤੇ ਦੂਜੇ ਤੇ ਨਾਰੀ। ਉਹਨਾਂ ਨੂੰ ਰੰਚਕ ਸ਼ਰਮ ਨ ਆਵੇ। ਅਸੀਂ ਇਸ ਬੇਸ਼ਰਮੀ ਦੀ ਕਰਤੂਤ ਵਾਲੇ ਨਜ਼ਾਰੇ ਨੂੰ ਗੁਲਾਬ ਦੇ ਪੋੜਾਂ ਦੇ ਵਿਚ ਦੀ ਪਏ ਪਏ ਹੀ ਕੁਛ ਚਿਰ ਤਾਂ ਦੇਖਦੇ ਰਹੇ ਜਦ ਇਥੋਂ ਤਾਂਈ ਨੌਬਤ ਪਹੁੰਚੀ ਕਿ ਉਹ ਭੇਖੜਾ ਬਦਮਾਸ਼ ਸਾਧੜਾ ਇਉਂ ਬੋਲ ਉਠਿਆ ਕਿ ਮੇਰੀ ਇੰਦਰੀ ਦੀ ਭੀ ਮੁਠੀ ਚਾਪੀ ਕਰੋ ਉਸ ਇਸਤਰੀ ਦਾ ਹੱਥ ਲੈ ਕੇ ਆਪਣੀ ਇੰਦਰੀ ਤੇ ਰਖ ਦਿਤਾ ਤੇ ਬਕ ਉਠਿਆ ਦੇਖ ਲੈ ਮੈਂ ਤਾਂ ਨਮਰਦ ਹਾਂ ਇੰਦਰੀ ਮੇਰੀ ਖੜੀ ਨਹੀਂ ਹੁੰਦੀ ਤੂੰ ਮੈਥੋਂ ਮੁੰਡਾ ਮੰਗਣ ਆਈ ਹੈਂ। (ਦਰਹਕੀਕਤ) ਉਸ ਨੇ ਆਪਣੀ ਇੰਦਰੀ ਨੂੰ ਕੋਈ ਦਵਾਈ ਲਾ ਕੇ ਸੁੰਨ ਕੀਤਾ ਹੋਇਆ ਸੀ। ਉਸਦੇ ਇਸ ਬਕਵਾਸ ਉਤੇ ਉਸ ਨਾਰੀ ਖਸਮ ਦੋਏ ਹਥ ਜੋੜ ਕੇ ਉਸ ਭੇਖੀ ਨੂੰ ਕਹਿਣ ਲਗਾ ਕਿ ਮਹਾਰਾਜ ਤੁਸੀਂ ਸਰਬ ਕਲਾ ਸਮਰਥ ਹੋ ਤੁਹਾਡੀ ਬਖਸ਼ਿਸ਼ ਦੁਆਰਾ ਹੀ ਸਭ ਮੁਰਾਦਾਂ ਮਿਲਦੀਆਂ ਹਨ। ਇਹ ਜੋ ਬਚਨ ਤੁਸੀਂ ਕਰਦੇ ਹੋ। ਸਾਨੂੰ ਭੁਚਲਾਉਣ ਲਈ ਹੀ ਕਰਦੇ ਹੋ। ਅਸੀਂ ਭਰਮਦੇ ਨਹੀਂ ਸਾਡੀ ਸ਼ਰਧਾ ਸਗੋਂ ਵਧਦੀ ਜਾਂਦੀ ਹੈ। ਜਿਉਂ ਜਿਉਂ ਤੁਸੀਂ ਰੁਖੇ ਸੁਖੇ ਬਚਨ ਕਰਦੇ ਹੋ ਤਿਉਂ ਤਿਉਂ ਸਾਡੀ ਮੰਗ ਹੋਰ ਵਧਦੀ ਜਾਂਦੀ ਹੈ। ਇਸ ਪਰ ਉਹ ਨੰਗਾ ਸਾਧੜਾ ਇਉਂ ਬਕਣ ਲਗਾ ਕਿ ਨਹੀਂ ਨਹੀਂ ਮੈਂ ਸੱਚ ਕਹਿੰਦਾ ਹਾਂ। ਇਸ ਵੇਲੇ ਤਾਂ ਐਸਾ ਹੀ ਮੌਕਾ ਹੈ ਕਿ ਇੰਦਰੀ ਮੇਰੀ ਖੜੀ ਨਹੀਂ ਹੁੰਦੀ ਜੇ ਤੁਸੀਂ ਸਚ ਮੁਚ ਹੀ ਮੁੰਡਾ ਲੈਣਾ ਹੈ ਤਾਂ ਰਾਤ ਨੂੰ ਫਲਾਣੇ ਚੁਬਾਰੇ ਵਿਚ ਇਹ ਇਕਲੀ ਮੇਰੇ ਪਾਸ ਆਵੇ ਸੇਰ ਪਕੇ ਦੁਧ ਦਾ ਛੰਨਾ ਭਰਕੇ ਲਿਆਵੇ ਵਿਚ ਤਾਜ਼ੀਆਂ ਫਿਉਣੀਆਂ ਤੇ ਜਲੇਬੀਆਂ ਪਾਈਆਂ ਹੋਣ। ਆਪਣੇ ਹਥੀਂ ਮੈਨੂੰ ਪਿਲਾਵੇ। ਫੇਰ ਮੈਂ ਇਸ ਨਾਲ ਭੋਗ ਬਿਲਾਸ ਕਰਾਂਗਾ। ਅਸੀਂ ਇਸ ਤੋਂ ਵਧੇਰੇ ਇਸ ਪਾਪੀ ਪੁਰਸ਼ ਦੀ ਬਕਵਾਸ ਨੂੰ ਸੁਣ ਨਾ ਸਕੇ ਸਫਾਜੰਗ ਲੈ ਕੇ ਇਸ ਨੂੰ ਸੋਧਣ ਲਈ ਵੰਗਾਰ ਕੇ ਇਸ ਦੇ ਉਪਰ ਆ ਪਏ। ਸਫਾਜੰਗ ਨਾਲ ਕੁਟਣਾ ਸ਼ੁਰੂ ਕਰ ਦਿਤਾ ਵਿਚੇ ਦੋ ਦੋ ਚਾਰ ਚਾਰ ਓਹਨਾਂ ਬੇਸ਼ਰਮ ਪੁਰਸ਼ ਇਸਤਰੀ ਨੂੰ ਲਾਈਆਂ, ਜਿਉਂ ਜਿਉਂ ਅਸੀਂ ਕੁਟਾਈ ਕਰੀਏ ਉਹ ਬੇਸ਼ਰਮ ਮੁੰਡਾ ਲੈਣ ਆਈ ਜੋੜੀ ਹੱਥ ਜੋੜ ਕੇ ਸਾਡੇ ਅਗੇ ਬੇਨਤੀ ਕਰੇ ਕਿ ਜੀ ਤੁਸੀਂ ਸਾਨੂੰ ਹੋਰ ਕੁਟ ਲਵੋ ਇਸ ਮਹਾਤਮਾਂ ਨੂੰ ਨਾ ਕੁਟੋ। ਏਹ ਤਾਂ ਪਹੁੰਚੇ ਹੋਏ ਪੁਰਸ਼ ਹਨ। ਏਹਨਾਂ ਦੇ ਬਚਨ ਹੀ ਐਸੇ ਹਨ। ਅਸੀਂ ਦੋਹਾਂ ਪਖੰਡੀਆਂ ਦੇ ਮੂੰਹ ਤੇ ਹੋਰ ਚਪੇੜਾਂ ਲਾਈਆਂ ਅਤੇ ਉਸ ਪਖੰਡੀ ਨੂੰ ਮਾਰ ਮਾਰ ਕੇ ਮਿੱਝ ਕਢ ਦਿਤੀ ਉਹ ਪਿਆ ਧਰਤੀ ਤੇ ਲਿਟ ਲਿਟ ਕੇ ਦੁਹਾਈਆਂ ਦੇਵੇ ਕਿ ਸਰਦਾਰ ਜੀ ਮੈਨੂੰ ਰੱਬ ਦਾ ਵਾਸਤਾ ਛਡੋ ਮੈਂ ਅਗੇ ਨੂੰ ਇਸ ਗੁਰੂ ਕੀ ਨਗਰੀ ਦੀ ਜੂਹ ਦੇ ਨੇੜੇ ਤੇੜੇ ਭੀ ਨਹੀਂ ਆਵਾਂਗਾ। ਬਾਰਾਂ ਬਾਰਾਂ ਕੋਹ ਪਰੇ ਜੂਹ ਨੂੰ ਜਾਵਾਂਗਾ। ਜੇ ਫਿਰ ਕਦੇ ਮੈਨੂੰ ਏਧਰ ਦੇਖਿਆ ਤਾਂ ਨਿਸੰਗ ਕੁਟ ਕੁਟ ਕੇ ਮੇਰਾ ਥੇਹ ਬਣਾ ਦੇਣਾ ਪਰ ਹੁਣ ਮੈਨੂੰ ਛਡੋ। ਉਥੇ ਤਮਾਸ਼ਬੀਨਾਂ ਦਾ ਤਕੜਾ ਇਕੱਠ ਹੋ ਗਿਆ। ਸਾਰੇ ਸਾਨੂੰ ਦਿਲਬਰੀਆਂ ਦੇਣ ਅਤੇ ਇਉਂ ਕਹਿਣ ਕਿ ਸਰਦਾਰ ਜੀ, ਤੁਸੀਂ ਇਸ ਭੇਖੜੇ ਸਾਧੜੇ ਨਾਲ ਬੜੀ ਚੰਗੀ ਕੀਤੀ। ਬੜੇ ਚਿਰਾਂ ਤੋਂ ਇਹ ਪਖੰਡ ਬਣਾਈ ਫਿਰਦਾ ਸੀ ਤੇ ਇਸ ਪਖੰਡੀ ਦੇ ਸੌਂਹੇ ਹੋ ਕੇ ਇਉਂ ਕਹਿਣ ਕਿ ਪਖੰਡੀਆ ਜੇ ਕੋਈ ਕਰਾਮਾਤ ਤੇਰੇ ਪਾਸ ਹੈ ਤਾਂ ਦਿਖਾ ਹੁਣ। ਉਹ ਕਹਿੰਦਾ ਕਿ ਮੇਰੇ ਪਾਸ ਕਰਾਮਾਤ ਕੀ ਹੋਣੀ ਸੀ ਨਿਰਾ ਮੇਰਾ ਪਖੰਡ ਹੀ ਪਖੰਡ ਸੀ ਹੁਣ ਮੈਨੂੰ ਛੁਡਾਉ। ਮੈਂ ਅਗੇ ਨੂੰ ਨੱਕ ਨਾਲ ਲਕੀਰਾਂ ਕਢਦਾ ਹਾਂ ਕਿ ਕਦੇ ਪਖੰਡ ਨਹੀਂ ਕਰਾਂਗਾ। ਇਕ ਆਨਮਤੀ ਤਮਾਸ਼ਬੀਨ ਜੱਟ ਨੇ ਆਪਣਾ ਅੰਗੋਛਾ ਉਹਦੇ ਵਲ ਸਿਟਿਆ ਤੇ ਕਿਹਾ ਪਹਿਲਾਂ ਆਪਣਾ ਨੰਗ ਢੱਕ। ਸਾਨੂੰ ਦੇਖਕੇ ਸ਼ਰਮ ਆਉਂਦੀ ਹੈ ਉਸਨੇ ਝਟ ਅੰਗੋਛਾ ਲਕ ਉਦਾਲੇ ਲਪੇਟ ਲਿਆ ਅਤੇ ਲੰਗ ਮਾਰਦਾ ਮਾਰਦਾ ਪਿਛਲ ਖੋੜੀ ਲੇਟ ਗਿਆ। ਓਦੂੰ ਪਿਛੋਂ ਉਸ ਢਟੇ ਸਾਧ ਦਾ ਨਮੂਦ ਭੀ ਕਦੇ ਗੁਰੂ ਕੀ ਨਗਰੀ ਵਿਚ ਨਹੀਂ ਦੇਖਿਆ। ਉਹ ਲੁਚੇ ਤੀਵੀਂ ਪੁਰਸ਼ ਭੀ ਡਰਦੇ ਖਬਰ ਨਹੀਂ ਕਿਧਰ ਨੂੰ ਭਜ ਗਏ। ਸੋ ਐਸੇ ਹੀ ਬੇਸ਼ਰਮ ਪਰਥਾਇ ਇੱਨ ਬਿਨ ਇਹ ਘਟਨਾ ਘਟਦੀ ਹੈ। ਸਚੇ ਪਾਤਸ਼ਾਹ ਨੇ ਸਾਫ ਲਿਖਿਆ ਹੈ ਕਿ ਏਹਨਾਂ ਭੇੜੀਆਂ ਕਰਤੂਤਾਂ ਨਾਲ ਮੁਕਤੀ ਨਹੀ ਮਿਲਦੀ। ਮੁਕਤੀ ਮਿਲਦੀ ਹੈ*


www.AKJ.org

# ਅਦੁੱਤੀ ਸ਼ਹੀਦੀ

(ਵਲੋਂ–ਸ: ਪ੍ਰਮਜੀਤ ਸਿੰਘ ਜੀ ਚੰਡੀਗੜ੍ਹ)

ਸ਼ਹੀਦ ਕੀ ਜੋ ਮੌਤ ਹੈ ਵਹ ਕੌਮ ਕੀ ਹਯਾਤ ਹੈ।
ਮੌਤ ਬੀ ਹਯਾਤ ਹੈ ਔਰ ਹਯਾਤ ਭੀ ਹਯਾਤ ਹੈ।

ਸ਼ਹੀਦ ਅਰਬੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ "ਗਵਾਹੀ ਦੇਣਾ"। ਸ਼ਹੀਦ ਕੀ ਗਵਾਹੀ ਦਿੰਦਾ ਹੈ ਉਸ ਦੀ ਗਵਾਹੀ ਰੱਬ ਦੇ ਰਸਤੇ ਉਤੇ ਟੁਰਦਿਆਂ ਹੋਇਆਂ ਬੇਗੁਨਾਹ ਮਾਰਿਆ ਜਾਂਦਾ ਹੈ। ਨਿਪੋਲੀਅਨ ਬੋਨਾਪਾਰਟ ਲਿਖਦਾ ਹੈ ਕਿ ਸ਼ਹੀਦ ਕੇਵਲ ਜਾਨ ਵਾਰਨ ਨਾਲ ਨਹੀ ਬਣ ਜਾਂਦਾ ਹੈ। ਸਗੋਂ ਸ਼ਹਾਦਤ ਦੇ ਮਗਰ ਤਾਂ ਖਾਸ ਕਾਰਨ ਹੁੰਦੇ ਹਨ ਜੋ ਸ਼ਹਾਦਤ ਕਰਵਾਉਂਦੇ ਹਨ। ਕੁਝ ਖਾਸ ਕਾਰਨਾਂ ਕਰ ਕੇ ਸ਼ਹਾਦਤਾਂ ਹੁੰਦੀਆਂ ਆਈਆਂ ਹਨ। ਸਿੱਖ ਧਰਮ ਨੇ ਵਡੀ ਤੋਂ ਵਡੀ ਆਯੂ ਦੇ ਸ਼ਹੀਦ ਵੀ ਪੈਦਾ ਕੀਤੇ ਹਨ ਛੋਟੀ ਤੋਂ ਛੋਟੀ ਆਯੂ ਦੇ ਬਾਬਾ ਫਤਿਹ ਸਿੰਘ ਤੇ ਜ਼ੋਰਾਵਰ ਸਿੰਘ ਸ਼ਹੀਦ ਹਨ ਜਿਨਾਂ ਦੀ ਮਿਸਾਲ ਵਿਸ਼ਵ ਦੇ ਇਤਹਾਸ ਵਿਚ ਨਹੀਂ ਮਿਲਦੀ।

ਮੁਹੰਮਦ ਲਤੀਫ ਪ੍ਰਸਿਧ ਮੁਸਲਮਾਨ ਇਤਿਹਾਸਕਾਰ ਲਿਖਦਾ ਹੈ ਪੰਜਾਬ ਦੀ ਮਿੱਟੀ ਨੂੰ ਪੁਟੋ ਲਾਲ ਮਿਲੇਗੀ। ਇਸ ਦਾ ਚੱਪਾ ਚੱਪਾ ਸ਼ਹੀਦਾਂ ਦੇ ਖੂਨ ਨਾਲ ਰੰਗਿਆ ਹੋਇਆ ਹੈ। ਸ਼ਹੀਦ ਕੇਵਲ ਇਕੋ ਦੇਸ਼ ਤੀਕ ਸੀਮਤ ਨਹੀਂ ਹੁੰਦੇ। ਉਨ੍ਹਾਂ ਦੀ ਸ਼ਖਸੀਅਤ ਸਰਬ ਵਿਆਪੀ ਹੁੰਦੀ ਹੈ। ਸ਼ਹੀਦ ਦੇਸ਼ ਕਾਲ ਦੀਆਂ ਹੱਦਾਂ ਦੇ ਉਤਾਂਹ ਹੁੰਦੇ ਹਨ।

ਸ਼ਹੀਦ ਆਪਣੇ ਟੀਚੇ ਤੋਂ ਨਹੀਂ ਟਲਦੇ। ਜਾਨਾਂ ਵਾਰਕੇ ਸ਼ਾਨਾਂ ਬਚਾਈਆਂ ਜਾਂਦੀਆਂ ਹਨ। ਮਹਿੰਦੀ ਪੱਥਰ ਤੇ ਘਿਸ ਕੇ ਰੰਗ ਚਾੜਦੀ ਹੈ। ਦੀਵਾ ਆਪ ਜਲ ਕੇ, ਆਪਣਾ ਆਪਾ ਜਲਾ ਕੇ, ਭੇਟ ਕਰਕੇ ਰੋਸ਼ਣੀ ਦੇਣ ਦੇ ਸਮਰਥ ਹੁੰਦਾ ਹੈ। ਸ਼ਹੀਦ ਆਪ ਤਾਂ ਸੜ ਜਾਂਦੇ ਹਨ, ਐਪਰ ਆਪਣੇ ਦੁਆਲੇ ਬਹਾਰ ਲੈ ਆਉਂਦੇ ਹਨ। ਬਾਬਾ ਫ਼ਤਹਿ ਸਿੰਘ ਤੇ ਬਾਬਾ ਜ਼ੋਰਾਵਰ ਸਿੰਘ ਅਦੁਤੀ ਸ਼ਹੀਦ ਹਨ। ਉਹਨਾਂ ਆਪਾ ਲੁਟਾਇਆ ਪਰ ਸਿੱਖੀ ਨੂੰ ਦਾਗ ਨਾ ਲਗਣ ਦਿਤਾ। ਉਨ੍ਹਾਂ ਦੀਆਂ ਧੌਣਾਂ

---

*ਤਾਂ ਕੇਵਲ ਗੁਰਮਤਿ ਦੀ ਸਚੀ ਕਰਨੀ (ਨਾਮ ਧਿਆਵਣ) ਨਾਲ ਮਿਲਦੀ ਹੈ। ਮੁਕਤੀ ਰੂਪੀ ਪਦਾਰਥ ਗੁਰਮਿਤ ਨਾਮ ਦੇ ਧਿਆਉਣ ਨਾਲ ਮਿਲਦਾ ਹੈ। ਲੋਕਾਂ ਦੇ ਵਿਖਾਵੇ ਲਈ ਆਨਮਤੀ ਪਾਖੰਡ ਕਰਮ ਪਾਖੰਡ ਪੂਜਾ ਦਿਖਾਵੇ ਦਾ ਤਿਲਕ ਲਾਉਣਾ, ਵਿਖਾਵੇ ਮਾਤਰ ਨਹਾਉਣਾ ਕਰਮ ਕਾਂਡੀ ਪਖੰਡੀਆਂ ਬ੍ਰਾਹਮਣਾਂ ਦਾ ਕੁਚੱਜ ਰਹਿ ਗਿਆ ਹੈ। ਉਂਞ ਲੋਕਾਂ ਪਾਸੋਂ ਹਥ ਵਿਚ ਛੁਰੀ ਕਢਕੇ ਦਾਨ ਲੈਂਦੇ ਹਨ ਹਥ ਵਿਚ ਛੁਰੀ ਫੜਕੇ ਲੋਕਾਂ ਨੂੰ ਧਮਕਾਉਂਦੇ ਹਨ ਕਿ ਦਾਨ ਦਿਓ ਨਹੀਂ ਜਾਨ ਕਢਦੇ ਹਾਂ। ਵੇਦ ਪਾਠੀ ਬਰਾਹਮਣ ਆਪਣੇ ਮੁਖੋਂ ਆਪਣੇ ਜਾਣੇ ਮਿਠੀ ਮਿਠੀ ਬੇਦ ਬਾਣੀ ਪੜ੍ਹਦੇ ਹਨ ਤੇ ਪੜ੍ਹ ਕੇ ਲੋਕਾਂ ਨੂੰ ਦਿਖਾਉਂਦੇ ਹਨ ਪਰੰਤੂ ਪ੍ਰਾਨੀਆਂ ਨੂੰ ਕੋਂਹਦੇ ਹੋਏ ਜੀਆ ਘਾਤ ਕਰਦੇ ਓਹਨਾਂ ਦੇ ਵੇਦ ਹੀ ਇਹ ਜੀਵ ਹਤਿਆ ਵਾਲੀ ਸਿਖਿਆ ਦਿੰਦੇ ਹਨ। ਇਸ ਕਰਕੇ ਓਹਨਾਂ ਦਾ ਹਿਰਦਾ ਸੁਧ ਹੁੰਦਾ ਹੀ ਨਹੀਂ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਉਪਰ ਵਾਹਿਗੁਰੂ ਕਿਰਪਾ ਧਾਰਦਾ ਹੈ ਉਸੇ ਦਾ ਹਿਰਦਾ ਸੁਧ ਹੁੰਦਾ ਹੈ। ਉਹੀ ਪਾਰਬ੍ਰਹਮ ਪ੍ਰਮੇਸ਼ਰ ਦਾ ਤੱਤ ਵਿਚਾਰਦਾ ਹੈ। ਇਹ ਤੱਤ ਗੁਰੂ ਬਾਝਹੁ ਹਥ ਨਹੀਂ ਆਉਂਦਾ।

---


www.AKJ.org

ਤੋੜੀਆਂ ਗਈਆਂ ਪਰੰਤੂ ਝੁਕਾਈਆਂ ਨਾ ਜਾ ਸਕੀਆਂ । ਕਿਡੀ ਵਡੀ ਦੁਨੀਆਂ ਦੇ ਇਤਹਾਸ ਵਿਚ ਬਗਾਵਤ ਹੈ । ਸਤ ਤੇ ਨੌ ਸਾਲ ਦੇ ਬੱਚੇ ਏਡੀ ਭਾਰੀ ਹਕੂਮਤ ਦੇ ਬੰਦ ਕਿਲੇ ਵਿਚ ਆਕੀ ਬੈਠੇ ਹਨ । ਸੂਰਮਿਆਂ ਦੇ ਬੋਲ ਜਗ ਤੀਕ ਰਹਿੰਦੀਆਂ ਨਸ਼ਾਨੀਆਂ ਹੁੰਦੀਆਂ ਹਨ। ਤੇਰਾਂ ਪੋਹ ਮੰਗਲਵਾਰ ਸੰਮਤ ਸਤਾਰਾਂ ਸੌ ਇਕਾਹਠ ਦਾ ਦਿਹਾੜਾ ਸਿੱਖ ਕੌਮ ਨੂੰ ਕਦੇ ਵੀ ਵਿਸਾਰਨਾ ਨਹੀਂ ਚਾਹੀਦਾ । ਇਸ ਦਿਨ ਸਿੱਖ ਪੰਥ ਦੇ ਦੋ ਲਾਲ ਇਕ ਵਜੇ ਦੇ ਕਰੀਬ ਸਰਹੰਦ ਵਿਖੇ ਸ਼ਹੀਦ ਕੀਤੇ ਗਏ । ਉਹ ਘਮਸਾਨ, ਕਾਲੀਆਂ ਰਾਤਾਂ ਦਿਲੀ ਤੇ ਸਰਸੰਦ ਦੀਆਂ ਫੌਜਾਂ ਦਾ ਅਨੰਦਪੁਰ ਦੁਆਲੇ ਘੇਰਾ । ਇਕ ਪਾਸੇ ਗਿਣਤੀ ਦੇ ਸਿੰਘ ਦੂਜੇ ਪਾਸੇ ਬੇਸ਼ੁਮਾਰ ਮੁਲਖਈਆ । ਕੀਰਤ-ਪੁਰ ਤੋਂ ਲੈ ਕੇ ਰੋਪੜ ਤੀਕ ਅਜੇਹਾ ਲੋਹੇ ਤੇ ਲੋਹਾ ਖੜਕਿਆ ਕਿ ਰਹੇ ਰੱਬ ਦਾ ਨਾਂ। ਬਾਈਧਾਰ ਪਹਾੜੀਏ ਆਪਣੇ ਰਾਖੇ ਗੁਰੂ ਦੇ ਵਿਰੁਧ ਉਠ ਖਲੋਏ । ਸਰਸੇ ਉਤੇ ਤੇਗਾਂ, ਢਾਲਾਂ ਦੇ ਖੜਾਕਿਆਂ ਨੇ ਦੱਸ ਦਿਤਾ ਕਿ ਹੁਣ ਤਕੜੀਆਂ ਤੋਲਣ ਵਾਲੇ ਬੰਦੂਕਾਂ ਤੇ ਤਲਵਾਰਾਂ ਵਾਹੁਣ ਸਿਖ ਗਏ ਹਨ। ਇਹ ਸਭ ਕਲਗੀਧਰ ਦੇ ਅੰਮ੍ਰਿਤ ਦੀ ਕਰਾਮਾਤ ਸੀ ਅਮ੍ਰਿਤ ਨੇ ਜਾਗਰਤ ਪੈਦਾ ਕਰ ਦਿਤੀ ਸੀ । ਇਕ ਇਕ ਸਿੰਘ ਸਵਾ ਸਵਾ ਲੱਖ ਨਾਲ ਜੂਝਣ ਜੋਗ ਹੋ ਗਿਆ ਸੀ । ਲਿਤਾੜੇ ਹੋਏ ਨਿਰਜਿੰਦ ਲੋਕ ਅਮ੍ਰਿਤ ਛਕ ਕੇ ਸ਼ੇਰਾਂ ਦਾ ਰੂਪ ਧਾਰ ਗਏ ਸਨ। ਚਿੜੀਆਂ ਬਾਜਾਂ ਨਾਲ ਝੜਪਾਂ ਲੈਣ ਲਗ ਪਈਆਂ ਸਨ। ਅੰਮ੍ਰਿਤ ਜਾਗੀ ਹੋਈ ਸਪਿਰਟ ਦਾ ਪਰਗਟਾਵਾ ਸੀ ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਦੋ ਵਡੇ ਸਾਹਿਬਜ਼ਾਦਿਆਂ ਤੇ ਸਮੇਤ ਚਾਲੀ ਸਿੰਘਾਂ ਦੇ ਚਮਕੌਰ ਦੀ ਹਵੇਲੀ ਵਿਚ ਮੋਰਚੇ ਜਮਾਈ ਬੈਠੇ ਸਨ । ਹਵੇਲੀ ਕੋਈ ਖਾਸ ਓਟ ਨਹੀਂ ਸੀ । ਪਸ਼ੂਆਂ ਦੇ ਬੰਨਣ ਵਾਲਾ ਤਬੇਲਾ ਜਿਹਾ ਸੀ । ਸਤਗੁਰ ਨੇ ਇਸ ਛੋਟੇ ਜਿਹੇ ਕਿਲੇ ਵਿਚ ਮੋਰਚੇ ਬੰਦੀ ਕੀਤੀ। ਬਾਹਰੋਂ ਤੁਰਕ ਟਿਡੀ ਦਲ ਦਾ ਗੁਰਦੇਵ ਦੇ ਆਪਣੇ ਬਚਨਾਂ ਅਨੁਸਾਰ ਦੱਸ ਲੱਖ ਮੁਲਖਈਏ ਦਾ ਘੇਰਾ ਸੀ। ਅੰਦਰ ਚਾਲੀ ਸੂਰਮੇ ਦੱਸ ਲੱਖ ਦਾ ਮੂੰਹ ਤੋੜਨ ਲਈ ਤਤਪਰ ਸਨ । ਅਹਿਮਦ ਸ਼ਾਹ ਬਟਾਲਵੀ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਲੋ ਕੇ ਜੋਸ਼ੀਲੀ ਤਕਰੀਰ ਕੀਤੀ "ਸਿੰਘੋ ਤੁਹਾਡੀ ਪ੍ਰੀਖਿਆ ਦਾ ਸਮਾਂ ਆ ਪੁਜਾ ਹੈ, ਸਾਡੇ ਖੂਨ ਦਾ ਇਕ ਕਤਰਾ ਵੀ ਵਿਅਰਥ ਨਹੀਂ ਜਾਵੇਗਾ । ਜਦੋਂ ਤੀਕ ਦੁਨੀਆਂ ਰਹੇਗੀ ਸਾਡਾ ਡੁਲਿਆ ਖੂਨ ਵੈਰੀਆਂ ਤੋਂ ਬਦਲਾ ਲੈਂਦਾ ਰਹੇਗਾ । ਸਾਡੇ ਦੋਵਾਂ ਹੱਥਾਂ ਵਿਚ ਲੱਡੂ ਹਨ ਜੇਕਰ ਜਿਤ ਗਏ ਤਾਂ ਤਦ ਗਾਜ਼ੀ, ਜੇਤੂ ਜੰਗ ਦੇ ਸ਼ਾਹ ਸੁਆਰ ਜੇਕਰ ਜੰਗ ਵਿਚ ਹੁਕਮ ਸਤ ਕਰ ਗਏ ਤਾਂ ਤਦ ਸ਼ਹੀਦ ਫ਼ਤਹਿ ਜਾਂ ਸ਼ਹੀਦੀ ਦੋ ਕੰਢਿਆਂ ਉਤੇ ਅਸੀਂ ਸਾਰੇ ਖਲੋਤੇ ਹਾਂ। ਮੈਂ ਨਹੀਂ ਚਾਹੁੰਦਾ ਕਿ ਟਿਡੀ ਦਲ ਤਹਾਨੂੰ ਕੁਚਲਦਾ ਹੋਇਆ ਲੰਘ ਜਾਵੇ । ਤੁਸੀਂ ਪ੍ਰਣ ਲਓ ਮਰਦਾਂ ਵਾਂਗ ਮਰਾਂਗੇ ਮਰਦਾਂ ਵਾਗ ਜੀਵਾਂਗੇ । ਜੇ ਮਰਾਂਗੇ ਤਦ ਪੰਥ ਵਾਸਤੇ ਜੀਵਾਂਗੇ ਤਦ ਪੰਥ ਵਾਸਤੇ। ਦੁਨੀਆਂ ਦੀ ਕੋਈ ਤਾਕਤ ਤੁਹਾਡਾ ਰਸਤਾ ਰੋਕ ਨਹੀਂ ਸਕਦੀ। ਸ਼ੇਰਾਂ ਵਾਂਗ ਅਗੇ ਵਧਕੇ ਵੈਰੀ ਦੇ ਪੜਛੇ ਲਾਹ ਦਿਉ.........ਮੇਰਾ ਸਿੰਘ ਕੋਈ ਵੀ ਪਿਛਾਂਹ ਨਾ ਮੁੜੇ ।

"ਦਾਗੇ ਹੋਏ ਸਿ ਰਣ ਮਹ ਜੂਝਹਿ
ਬਿਨ ਦਾਗੇ ਭਗ ਜਾਈ । "
ਮਰਨਾਂ ਮੁਣਸਾਂ ਸੂਰਿਆਂ ਹੱਕ ਹੈ
ਜੇ ਹੋਇ ਮਰਨ ਪਰਵਾਣੋ ।
ਅਬ ਤੋ ਨ ਰੇ ਮਰੇ ਸਿਧ ਪਾਈਐ
ਲੀਨੋ ਹਾਥ ਸਿਧਾਉਰਾ ।

ਡਾਕਟਰ ਭਾਈ ਵੀਰ ਸਿੰਘ ਜੀ ਲਿਖਦੇ ਹਨ ਚਾਲੀ ਅਜਿਤ ਸੂਰਮਿਆਂ ਨੇ ਦੱਸ ਲੱਖ ਦੀ ਭਾਰੀ ਫੌਜ ਨੂੰ ਅਠ ਪਹਰ ਤੀਕ ਵਖਤ ਪਾਈ ਰਖਿਆ । ਕੱਚੀ ਗੜੀ ਸਰ ਨਾ ਹੋਣ ਦਿਤੀ। ਦੋ ਵਡੇ ਸਾਹਿਬਜ਼ਾਦੇ ਸ਼ਹਾਦਤ ਦੇ ਜਾਮ ਪੀ ਗਏ ਪਰ ਸਤਿਗੁਰੂ ਦਾ ਵਿਸ਼ਵਾਸ਼ ਨਾ ਡੋਲਿਆ । ਆਪ ਜੂਝਣ ਲਈ ਨਿਤਰੇ । ਪੰਥ ਨੇ ਆਪ ਨੂੰ ਵਰਜਿਆ । ਸਤਿਗੁਰੂ ਜੀ ਖਾਲਸਾ ਪੰਥ ਦਾ ਹੁਕਮ ਮੰਨ ਕੇ ਗੜੀ ਛਡ ਗਏ ਸਨ ।

ਸਰਸੇ ਉਤੋਂ ਗੰਗੂ ਛੋਟੇ ਸਾਹਿਬਜ਼ਾਦਿਆਂ ਨੂੰ ਸੰਭਾਲ ਕੇ ਲੈ ਗਿਆ ਸੀ। ਗੰਗੂ ਦਾ ਪਿੰਡ ਖੇੜੀ ਮੁਰੰਡੇ ਦੇ ਨੇੜੇ ਸੀ । ਇਥੋਂ ਸਰਹੰਦ ਵੀ ਨਜ਼ਦੀਕ ਸੀ। ਕਦੇ ਉਸ ਨੂੰ ਆਪਣਾ ਡਰ ਆਵੇ ਕਦੇ ਇਨਾਮ ਤੇ ਲਾਲਚ ਧੂਹਾਂ ਪਾਉਣ । ਆਖਰ ਉਹ ਬੇਵਫਾ ਹੋ ਗਿਆ । ਫਤਹਿ ਤੇ ਜ਼ੋਰਾਵਰ ਨੂੰ ਜਾਨੀ ਮਾਨੀ ਖਾਂ ਜੋ ਮੁਰੰਡੇ ਦੇ ਸਰਕਾਰੀ ਕੋਤਾਲ ਸਨ ਦੇ ਹਵਾਲੇ ਕਰ ਦਿਤਾ। ਇਹ ੧੦ ਪੋਹ ਦੇ ਸਵੇਰੇ ਦੀ ਗਲ ਹੈ । ਇਸੇ ਦਿਨ ਸਮੇਤ ਮਾਤਾ ਗੁਜਰੀ ਜੀ ਤੇ ਦੋਵਾਂ ਲਾਲਾਂ ਦੇ ਸਰਹੰਦ ਪੁਚਾਇਆ ਗਿਆ। ਇਧਰ ਵਜੀਦ ਖਾਂ ਚਮਕੌਰ ਦੀ ਲੜਾਈ ਤੋਂ ਵਿਹਲਾ ਹੋ ਕੇ ਸਰਹੰਦ ਪੁਜ ਗਿਆ ਸੀ । ਗੁਰੂ ਸਾਹਿਬ ਚਮਕੌਰ ਤੋਂ ਸਾਫ ਬਚਕੇ ਨਿਕਲ ਗਏ ਸਨ । ਵਜੀਦ ਖਾਂ ਖਿਝਿਆ ਹੋਇਆ ਸੀ। ਯਾਰਾਂ ਪੋਹ ਨੂੰ ਸਾਹਿਬਜ਼ਾਦਿਆਂ ਨੂੰ ਬੜਾ ਧਮਕਾਇਆ ਗਿਆ।


www.AKJ.org

ਪਰ ਸ਼ੇਰ ਬੱਚੇ ਨਾ ਡੋਲੇ । ਜਦੋਂ ਉਨ੍ਹਾਂ ਸਿਰ ਨੂੰ ਝੁਕਾਣ ਲਈ ਆਖਿਆ ਗਿਆ ਉਨ੍ਹਾਂ ਆਖਿਆ:—

ਸਰ ਤੋਂ ਕਿਆ ਸਰ ਕਾ ਏਕ ਬਾਲ ਭੀ ਝੁਕ ਨਹੀਂ ਸਕਤਾ

ਉਨ੍ਹਾਂ ਕਚਿਹਰੀ ਵੜਦਿਆਂ ਫਤਹਿ ਗਜਾ ਦਿਤੀ । ਵਜ਼ੀਦ ਖਾਂ ਸੜ ਬਲ ਕੇ ਕੋਲੇ ਹੋ ਗਿਆ—ਬੋਲਿਆ—ਕਾਫਰੋ ਸਿਰ ਕੋ ਝੁਕਾਓ । ਯੇਹ ਗੋਬਿੰਦ ਸਿੰਘ ਕਾ ਦਰਬਾਰ ਨਹੀਂ......ਯੇਹ ਵਜ਼ੀਦ ਖਾਂ ਕੀ ਕਚਿਹਰੀ ਹੈ:—ਇਥੇ ਸਲਾਮ ਕਰੀਦੀ ਹੈ......'' ਸਾਹਿਬਜ਼ਾਦਿਆਂ ਆਖਿਆ.................ਅਸੀਂ ਫਤਹਿ ਬਿਨਾ ਹੋਰ ਕੁਝ ਨਹੀਂ ਜਾਣਦੇ ।

ਕਾਫ਼ੀ ਖਾਂ ਲਿਖਦਾ ਹੈ ਕਿ ਬਾਰਾਂ ਪੋਹ ਨੂੰ ਉਨ੍ਹਾਂ ਨੂੰ ਬੜਾ ਧਮਕਾਇਆ ਗਿਆ ਪਰੰਤੂ ਸ਼ੇਰ ਬੱਚੇ ਅਡੋਲ ਰਹੇ । ਧੌਣਾਂ ਉਚੀਆਂ ਕਰਕੇ ਆਖਿਆ:—

ਛੋਟੇ ਹਾਂ ਨਿਰਬਲ ਹਾਂ ।
ਤੀਰ ਤੇਗਾਂ ਚੁਕਣੋ ਲਾਚਾਰ ਹਾਂ ।
ਪਰ ਕੌਮ ਦੀ ਦੀਵਾਰ ਥਲੇ,
ਸਿਰ ਦੇਣ ਨੂੰ ਤਿਆਰ ਹਾਂ ।

ਕਾਫੀ ਖਾਂ ਲਿਖਦਾ ਹੈ ਉਨ੍ਹਾਂ ਦੇ ਹੱਥਾਂ ਵਿਚ ਪਲੀਤੇ ਰਖ ਕੇ ਅਗ ਲਾ ਦਿਤੀ ਗਈ ਪਰੰਤੂ ਕੋਈ ਲਾਲਚ ਉਨ੍ਹਾਂ ਨੂੰ ਸਿੱਖੀ ਤੋਂ ਨਹੀਂ ਡਰਾ ਸਕਿਆ । ਤੇਰਾਂ ਪੋਹ ਮੰਗਲਵਾਰ ਦੇ ਦਿਹਾੜੇ ਕਾਜ਼ੀ ਦੇ ਫਤਵੇ ਅਨੁਸਾਰ ਉਹਨਾਂ ਨੂੰ ਜੀ ਦਿਆਂ ਨੀਂਹਾਂ ਵਿਚ ਚਿਣਨ ਦਾ ਹੁਕਮ ਹੋਇਆ। ਸ਼ੇਰ ਬੱਚੇ ਡਰੇ ਨਹੀਂ। ਲਾਲਚਾਂ ਤੇ ਭਰਮੇ ਨਹੀਂ ਇਕ ਵਜੇ ਦੇ ਨਾਲ ਇਹ ਭਾਣਾ ਵਰਤਿਆ । ਦੀਵਾਰ ਬਣ ਰਹੀ ਸੀ । ਫਤਹ ਤੇ ਜ਼ੋਰਾਵਰ ਅਡੋਲ ਖਲੋਤੇ ਸਨ । ਮੌਤ ਇਕ ਅੰਮ੍ਰਿਤ ਹੈ । ਪਰ ਇਸ ਅੰਮ੍ਰਿਤ ਦਾ ਸੁਆਦ ਵਿਰਲਿਆਂ ਨੂੰ ਆਉਂਦਾ ਹੈ । ਛਾਤੀ ਤਕ ਦੀਵਾਰ ਆ ਕੇ ਢਹਿ ਪਈ । ਬੱਚੇ ਬੇਹੋਸ਼ ਹੋ ਗਏ । ਉਹਨਾਂ ਨੂੰ ਜਦੋਂ ਹੋਸ਼ ਆਈ । ਜ਼ਲਾਦ ਨੇ ਛੁਰਿਆਂ ਨਾਲ ਕੋਹ ਦਿਤੇ । ਸਾਲਸ ਬੇਗ ਤੇ ਬਾਛਲ ਬੇਗ ਨੇ ਸ਼ਹੀਦ ਕੀਤੇ । ਬੱਚੇ ਸਭ ਦੁਨੀਆਂ ਦੇ ਸਾਂਝੇ ਹੁੰਦੇ ਹਨ । ਬੱਚੇ ਨੂੰ ਕੋਈ ਨਹੀਂ ਮਾਰਦਾ ! ਪ੍ਰੰਤੂ ਵਜ਼ੀਦ ਖਾਂ ਨੇ ਨੀਚਤਾ ਦੀ ਹੱਦ ਮੁਕਾ ਦਿਤੀ ਤੇ ਉਹ ਕਲੰਕ ਖਟ ਕੇ ਇਸ ਸੰਸਾਰ ਤੋਂ ਗਿਆ । ਅੰਤ ਵਿਚ ਦੁਨੀਆਂ ਨੇ ਵੇਖਿਆ ਕਿ ਸਰਹੰਦ ਦੀਆਂ ਦੀਵਾਰਾਂ ਰੋ ਪਈਆਂ । ਫਤਹ ਤੇ ਜੋਰਾਵਰ ਨੇ ਸਿੰਘਾਂ ਦੇ ਦਿਲਾਂ ਨੂੰ ਪ੍ਰੇਰਿਆ ਉਹਨਾਂ ਵਿਚ ਗੁਪਤ ਸ਼ਕਤੀਆ ਹੁਲਾਰੇ ਵਿਚ ਆਈਆਂ । ਬਾਬਾ ਬੰਦਾ ਸਿੰਘ ਦੇ ਝੰਡੇ ਹੇਠ ਉਹਨਾਂ ਸਰਹੰਦ ਦਾ ਮਲੀਆਮੇਟ ਕਰ ਦਿਤਾ । ਇਸ ਤੋਂ ਬਾਦ ਮੁਗਲ ਰਾਜ ਦੇ ਮੁਨਾਰੇ ਗਰਕਦੇ ਵੇਖੇ ਗਏ ।


# ਦਮੇਂ ਦੇ ਭਿਆਨਕ ਰੋਗ ਤੋਂ ਛੁਟਕਾਰਾ ਪਾਓ

**ਦਮਾਂ, ਸਾਹ ਦਾ ਚੜ੍ਹਨਾ, ਬਲਗਮੀ ਖਾਂਸੀ, ਨਜ਼ਲਾ-ਜ਼ੁਕਮ ਕਾਲੀ ਖਾਂਸੀ**

ਦਾ ਪੂਰਾ ਇਲਾਜ ਅਜ਼ਮਾਇਸ਼ੀ ਨੁਸਖਿਆਂ ਨਾਲ ਕੀਤਾ ਜਾਂਦਾ ਹੈ। ਇਸ ਲਈ ਹੁਣ

**ਦਮੇਂ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ**

ਬੜੀ ਖੋਜ ਤੋਂ ਬਾਅਦ ਇਸਦਾ ਇਲਾਜ ਮਿਲ ਗਿਆ ਹੈ ਜਿਹੜਾ ਦਮੇਂ ਨੂੰ ਜੜ੍ਹ ਤੋਂ ਖਤਮ ਕਰ ਦਿੰਦਾ ਹੈ। ਇਕ ਵਾਰ ਜ਼ਰੂਰ **ਅਜ਼ਮਾਓ ਅਤੇ ਤੰਦਰੁਸਤੀ ਹਾਸਲ ਕਰੋ**

ਹੇਠ ਲਿਖੇ ਪਤੇ ਤੇ ਲਿਖੋ ਜਾਂ ਮਿਲੋ ।

ਪਤਾ :—**ਕਟਾਰੀਆ ਸ਼ਫ਼ਾਖਾਨਾ**, ਪੀਲੀ-ਸੜਕ, ਰਾਘੋਮਾਜਰਾ, ਪਟਿਆਲਾ ।





www.AKJ.Org

# * ਲੋਕ ਆਗੂ–ਗੁਰੂ ਨਾਨਕ ਦੇਵ ਜੀ *

(ਵਲੋਂ:–ਬੀਬੀ ਕੁਲਦੀਪ ਕੌਰ ਜੀ ਐਮ.ਏ. ਪੰਜਾਬੀ ਯੂਨੀਵਰਸਟੀ ਪਟਿਆਲਾ)

ਜਦੋਂ ਬੇੜੀ ਭਵ ਸਾਗਰ ਦੇ ਅਰੁਕ ਤੁਫ਼ਾਨਾਂ ਵਿੱਚ ਘਿਰੀ ਡੱਕੋ ਡੋਲੇ ਖਾ ਰਹੀ ਹੋਵੇ ਤਾਂ ਲੋੜ ਹੁੰਦੀ ਹੈ ਕਿਸੇ ਸਿਆਣੇ ਤੇ ਬੇਗ਼ਰਜ਼ ਮਲਾਹ ਦੀ, ਜੋ ਬੇੜੀ ਨੂੰ ਸਾਵਾਂ ਕਰਕੇ ਤੁਫ਼ਾਨਾਂ ਨੂੰ ਚੀਰਦਾ ਹੋਇਆ ਕਿਨਾਰੇ ਜਾ ਪਹੁੰਚੇ। ਕੁਦਰਤ ਦਾ ਨਿਯਮ ਹੈ ਕਿ ਜਦੋਂ ਸੰਸਾਰ ਸਾਗਰ ਵਿਚ ਟੁਬੀਆਂ ਲਾ ਰਿਹਾ ਮਨੱਖ ਔਕੜਾਂ ਦੇ ਤੂਫ਼ਾਨਾ ਵਿਚ ਘਿਰ ਜਾਂਦਾ ਹੈ; ਜ਼ੁਲਮ ਦੀਆਂ ਅਨ੍ਹੇਰੀਆਂ ਉਸਦਾ ਲਹੂ ਨਿਚੋੜਨ ਲਈ ਅਤਿ ਭਿਆਨਕ ਰੂਪ ਧਾਰਨ ਕਰ ਲੈਂਦੀਆਂ ਹਨ ਦੁਖੀਆਂ ਤੇ ਮਜ਼ਲੂਮਾਂ ਕੋਲ ਸਿਰ ਝੁਕਾ ਕੇ ਅਤਿਆਚਾਰ ਸਹਿਣ ਤੋਂ ਛੁਟ ਹੋਰ ਕੋਈ ਚਾਰਾ ਨਹੀਂ ਰਹਿੰਦਾ,ਉਸ ਸਮੇਂ ਨਿਤਾਣਿਆਂ ਨਿਰਬਲਾਂ ਨੂੰ ਬੰਨੇ ਲਾਉਣ ਲਦੀ ਕੋਈ ਅਗੰਮੀ ਸ਼ਕਤੀ ਪ੍ਰਗਟ ਹੁੰਦੀ ਹੈ। ਸ੍ਰੀ ਕ੍ਰਿਸ਼ਨ ਜੀ ਨੇ ਵੀ ਅਰਜਨ ਨੂੰ ਉਪਦੇਸ਼ ਦੇਂਦਿਆਂ ਹੋਇਆਂ ਆਖਿਆ ਸੀ:

ਜਦ ਜਦ ਹੋਏ ਧਰਮ ਦੀ ਹਾਨੀ।
ਵਧਣ ਅਸੁਰ, ਨੀਚ, ਅਭਿਮਾਨੀ।
ਪ੍ਰਭੂ ਤਦੋਂ ਹੈ ਜਗ ਵਿਚ ਆਉਂਦਾ।
ਪੀੜ ਜਗਤ ਦੀ ਕੁੱਲ ਮਿਟਾਉਂਦਾ।

ਪ੍ਰਭੂ ਜਗਤ ਵਿਚ ਆਪ ਆਉਂਦਾ ਹੈ ਜਾਂ ਕਿਸੇ ਮਹਾਂ ਪੁਰਸ਼ ਨੂੰ ਭੇਜਦਾ ਹੈ ?

ਇਸ ਸੰਬੰਧੀ ਵਿਚਾਰਾਂ ਵਿਚ ਭਿੰਨਤਾ ਹੋ ਸਕਦੀ ਹੈ ਪਰ ਉਕਤ ਸਤਰਾਂ ਵਿਚ ਪ੍ਰਗਟਾਏ ਕੁਦਰਤੀ ਨੇਮ ਨੂੰ ਮੰਨਣੋ ਇਨਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਕਦੇ ਵੀ ਸੰਸਾਰ ਵਿਚ ਜ਼ੁਲਮ ਵਧੇ ਜ਼ੁਲਮਾਂ ਦਾ ਨਾਸ਼ ਕਰਨ ਦੀ ਸ਼ਕਤੀ ਵੀ ਨਾਲ ਉਗਮ ਪਈ। ਗੁਰੂ ਨਾਨਕ ਦੇਵ ਜੀ ਵੀ ਜ਼ੁਲਮ ਦੇ ਤੁਫ਼ਾਨਾਂ ਵਿਚ ਘਿਰੇ ਮਨੁਖ ਨੂੰ ਬਾਹੋਂ ਫੜਕੇ ਬੰਨੇ ਲਾਉਣ ਲਈ ਸੱਚੇ ਮਲਾਹ ਬਣ ਕੇ ਸੰਸਾਰ ਵਿਚ ਆਏ। ਆਪ ਨੇ ਜਨ ਸਾਧਾਰਣ ਦੀ ਅਗਵਾਈ ਕੀਤੀ ਅਤੇ ਮਾਨਵਤਾ ਦੀ ਪੱਧਰ ਤੋਂ ਡਿਗ ਚੁਕੇ ਮਨੁਖ ਨੂੰ ਮਨੁਖਤਾ ਦੀ ਪ੍ਰਾਪਤੀ ਦਾ ਰਾਹ ਦਰਸਾਇਆ। ਆਪ ਸਹੀ ਅਰਥਾਂ ਵਿਚ ਆਮ ਲੋਕਾਂ ਦੇ ਮਹਾਨ ਆਗੂ ਬਣੇ।

ਲੋਕ ਆਗੂ ਉਹ ਹੀ ਹੋ ਸਕਦਾ ਹੈ ਜਿਸ ਨੂੰ ਲੋਕ ਜੀਵਨ ਦੀ ਸੋਝੀ ਹੋਵੇ ਅਤੇ ਜਿਹੜਾ ਲੋਕਾਂ ਦੇ ਦੁਖਾਂ, ਸੁਖਾਂ, ਦਰਦਾਂ, ਪੀੜਾਂ, ਚੋਭਾਂ ਤੇ ਕਸਕਾਂ ਨੂੰ ਅਨੁਭਵ ਕਰ ਸਕੇ; ਕੇਵਲ ਅਨੁਭਵ ਹੀ ਨ ਕਰੇ ਸਗੋਂ ਨਿਘਰਦੀ ਲੁਕਾਈ ਨੂੰ ਬਚਾਉਣ ਲਈ ਉਤਾਵਲਾ ਵੀ ਹੋਵੇ। ਗੁਰੂ ਸਾਹਿਬ ਦੇ ਜੀਵਨ ਆਦਰਸ਼ਾਂ ਵੱਲ ਝਾਤੀ ਮਾਰੀਏ ਤਾਂ ਪਤਾ ਲਗੇਗਾ ਕਿ ਆਪ ਸਹੀ ਅਰਥਾਂ ਵਿਚ ਲੋਕਾਂ ਦੇ ਆਗੂ ਸਨ। ਉਹ ਕਿਸੇ ਇਕ ਥਾਂ ਦੇ ਲੋਕਾਂ ਦੀ ਭਲਾਈ ਨਹੀਂ ਸਨ ਸੋਚਦੇ ਸਗੋਂ ਸੰਸਾਰ ਦੇ ਸਾਰੇ ਲੋਕ ਉਨ੍ਹਾਂ ਦੇ ਵਿਚਾਰਾਂ ਦਾ ਕੇਂਦਰ ਬਣੇ ਹੋਏ ਸਨ। ਇਸੇ ਲਈ ਆਪਣੇ ਹਿਰਦੇ ਵਿਚੋਂ ਪੁਕਾਰ ਉਠੀ:

ਜਗਤ ਜਲੰਦਾ ਰੱਖ ਲੈ।
ਆਪਨੀ ਕਿਰਪਾ ਧਾਰਿ।
ਜਿਤ ਦੁਆਰੇ ਉਬਰੈ।
ਤਿਤੈ ਲੇਹੁ ਉਬਾਰਿ।

ਲੋਕ ਆਗੂ ਹੋਣ ਦੀ ਹੈਸੀਅਤ ਵਿਚ ਆਪ ਨੇ ਲੋਕਾਂ ਦੇ ਜੀਵਨ ਨੂੰ ਹਰ ਪਹਿਲੂ ਤੋਂ ਘੋਖਿਆ ਤੇ ਪਰਖਿਆ; ਰੋਗ ਦੀ ਪਛਾਣ ਕੀਤੀ, ਰੋਗ ਦੇ ਕਾਰਣ ਲੱਭੇ ਅਤੇ ਇਕ ਸਿਆਣੇ ਡਾਕਟਰ ਵਾਂਗ ਉਨ੍ਹਾਂ ਰੋਗਾਂ ਦਾ ਇਲਾਜ ਵੀ ਕੀਤਾ। ਬਾਬਰ ਦੇ ਹਮਲੇ ਸਮੇਂ ਆਪ ਨੇ ਸਾਰਾ ਅਤਿਆਚਾਰ ਅੱਖੀਂ ਵੇਖਿਆ ਅਤੇ ਲੋਕਾਂ ਦਾ ਪੱਖ ਲੈ ਕੇ ਉਹਨਾਂ ਦੇ ਦੁਖਾਂ ਦਾ ਵਰਣਨ ਕਰਦਿਆਂ ਹੋਇਆਂ ਆਪ ਨੇ ਆਪਣੀ ਬਾਣੀ ਦੁਆਰਾ ਮਨੁਖ ਨੂੰ ਚੇਤਾਵਨੀ ਕਰਾਈ ਕਿ ਆਪਣੀਆਂ ਕਮਜ਼ੋਰੀਆਂ ਕਰਕੇ ਹੀ ਮਨੁਖ ਨੂੰ ਇਹ ਦਿਨ ਵੇਖਣੇ ਪੈ ਰਹੇ ਹਨ। ਚੰਗਿਆਈਆਂ ਦੀ ਅਣਹੋਂਦ ਹੀ ਸਾਰੇ ਦੁਖਾਂ ਦਾ ਮੂਲ ਕਾਰਣ ਹੁੰਦੀ ਹੈ।



www.AKJ.Org

ਜਾਕਉ ਕਰਤਾ ਆਪ ਖੁਆਏ ।
ਖੱਸ ਲਏ ਚੰਗਿਆਈ ।

ਪੂੰਜੀਦਾਰ ਵਰਗ ਵਲੋਂ ਧਿਰਕਾਰੀ ਜਾ ਨਿਰਦੋਸ਼ ਕ੍ਰਿਤੀ ਸ਼੍ਰੇਣੀ ਨਾਲ ਆਪਦੀ ਹਮਦਰਦੀ ਸੀ । ਇਸ ਸ਼੍ਰੇਣੀ ਦੇ ਲੋਕਾਂ ਦਾ ਮਾਣ ਵਧਾਉਣ ਲਈ ਹੀ ਆਪ ਨੇ ਭਾਈ ਲਾਲੋ ਦੇ ਘਰ ਜਾ ਕੇ ਕੋਧਰੇ ਦੀ ਰੋਟੀ ਖਾਣੀ ਪ੍ਰਵਾਨ ਕੀਤੀ ਅਤੇ ਮਲਕ ਭਾਗੋ ਦੇ ਪੂੜਿਆਂ ਵਿਚੋਂ ਲਹੂ ਕਢਕੇ ਉਸਦੀ ਅਸਲੀਅਤ ਨੂੰ ਲੋਕਾਂ ਸਾਮ੍ਹਣੇ ਨੰਗਾ ਕੀਤਾ । ਲੋਕਾਂ ਦਾ ਪੱਖ ਲੈਂਦਿਆਂ ਹੋਇਆਂ ਹੀ ਆਪ ਨੇ ਉਚ ਧਾਰਮਿਕ ਆਗੂਆਂ ਅਰਥਾਤ ਬ੍ਰਾਹਮਣਾਂ, ਸਿਧਾਂ, ਜੋਗੀਆਂ, ਮੁਲਾਣਿਆਂ ਆਦਿ ਨੂੰ ਖਰੀਆਂ ਖਰੀਆਂ ਸੁਣਾਈਆਂ। ਬ੍ਰਾਹਮਣ, ਜਿਨ੍ਹਾਂ ਨੇ ਧਰਮ ਦੀ ਵਾਗਡੋਰ ਸੰਭਾਲੀ ਹੋਈ ਸੀ ਅਤੇ ਜਿਨ੍ਹਾਂ ਦਾ ਫ਼ਰਜ਼ ਸੀ ਲੋਕਾਂ ਨੂੰ ਸਹੀ ਮਾਰਗ ਦਸਣਾ, ਆਪ ਕੁਰਾਹੇ ਪਏ ਹੋਏ ਸਨ। ਉਹਨਾਂ ਦਾ ਜੀਵਨ ਪਖੰਡ ਦਾ ਹੀ ਦੂਸਰਾ ਰੂਪ ਸੀ । ਇਹਨਾਂ ਦੇ ਪਖੰਡਾਂ ਨੂੰ ਗੁਰੂ ਸਾਹਿਬ ਨੇ ਚੰਗੀ ਤਰ੍ਹਾਂ ਉਘਾੜਿਆ ਅਤੇ ਆਮ ਜਨਤਾ ਨੂੰ ਦਸ ਦਿਤਾ ਕਿ ਇਹਨਾਂ ਦੇ ਪਾਏ ਹੋਏ ਭੁਲੇਖਿਆਂ ਵਿਚ ਫਸਣਾ ਠੀਕ ਨਹੀਂ ਕਿਉਂਕਿ ਇਹ ਤਾਂ ਆਪ ਹੀ ਤਾਲੋਂ ਘੁਥੀ ਡੂਮਣੀ ਵਾਂਗ ਆਲ ਬਤਾਲ ਬੋਲਦੇ ਹਨ । ਆਪ ਨੇ ਇਹਨਾਂ ਦੇ ਭੇਖਾਂ ਦਾ ਵਰਣਨ ਇਸ ਤਰ੍ਹਾਂ ਕੀਤਾ :

ਮਥੇ ਟਿੱਕਾ ਤੇੜ ਧੋਤੀ ਕਖਾਈ ।
ਹਥਿ ਛੁਰੀ ਜਗਤ ਕਸਾਈ ।
ਨੀਲ ਵਸਤ੍ਰ ਪਹਿਰਿ ਹੋਵਹਿ ਪ੍ਰਵਾਣ ।
ਮਲੇਛ ਧਾਨ ਲੇ ਪੂਜਹਿ ਪੁਰਾਣ ।
ਅਭਾਖਿਆ ਕਾ ਕੁਠਾ ਬਕਰਾ ਖਾਣਾ ।
ਚੌਕੇ ਉਪਰ ਕਿਸੈ ਨ ਜਾਣਾ ।
ਦੇ ਕੇ ਚਉਕਾ ਕੱਢੀ ਕਾਰ ।
ਉਪਰ ਆਇ ਬੈਠੇ ਕੂੜਿਆਰ ।
ਮਤਿ ਭਿਟੈ ਵੇ ਮਤਿ ਭਟੈ ।
ਇਹ ਅੰਨੁ ਅਸਾਡਾ ਫਿਟੈ ।
ਤਨੁ ਫਿਟੈ ਫੇੜ ਕਰੇਨਿ ।
ਮਨਿ ਜੂਠੈ ਚੁਲੀ ਭਰੇਨਿ ।

ਬ੍ਰਾਹਮਣ ਧਾਗੇ ਦਾ ਜਨੇਊ ਪਾ ਕੇ ਹੀ ਪਵਿੱਤ੍ਰ ਬਣਦੇ ਅਤੇ ਮਨੁੱਖ ਨੂੰ ਪਵਿੱਤਰ ਬਣਾਉਂਦੇ ਸਨ ਪਰ ਗੁਰੂ ਨਾਨਕ ਨੇ ਲੋਕਾਂ ਨੂੰ ਸਹੀ ਤੌਰ ਤੇ ਮਨੁੱਖ ਬਣਾਉਣ ਦਾ ਸਾਧਨ ਇਸ ਤਰ੍ਹਾਂ ਦਸਿਆ:— ਦਇਆ ਕਪਾਹ ਸੰਤੋਖ ਸੂਤੁ ।
ਜਤੁ ਗੰਢੀ ਸਤਿ ਵੱਟੁ ।
ਇਹ ਜਨੇਊ ਜੀਅ ਕਾ ।
ਹਈ ਤਾ ਪਾਂਡੇ ਘਤੁ ।

ਕਿਉਂਕਿ:

ਨਾ ਇਹ ਤੁਟੈ ਨਾ ਮਲ ਲਗੇ ।
ਨਾ ਇਹ ਜਲੈ ਨਾ ਜਾਇ ।
ਧੰਨੁ ਸੁ ਮਾਣਸੁ ਨਾਨਕਾ ।
ਜੋ ਗਲ ਚਲੈ ਪਾਇ ।

ਆਮ ਜਨਤਾ ਦੀ ਅਗਵਾਈ ਕਰਦਿਆਂ ਹੋਇਆਂ ਆਪ ਨੇ ਲੋਕਾਂ ਨੂੰ ਸੂਤਕ, ਸਰਾਧ ਤੇ ਹੋਰ ਕਰਮ ਕਾਂਡਾਂ ਦੇ ਜਾਲ ਵਿਚੋਂ ਕਢਿਆ ਅਤੇ ਸਿੱਧੇ ਰਾਹ ਪਾਇਆ। ਸੰਨਿਆਸ ਅਤੇ ਤਿਆਗ ਦੀ ਵਿਰੋਧਤਾ ਕਰਕੇ ਆਪ ਨੇ ਮਨੁੱਖ ਨੂੰ ਵਿਚੇ ਗ੍ਰਿਹਸਤ ਉਦਾਸ ਰਹਿਣ ਦੀ ਜਾਚ ਸਿਖਾਈ ।

ਹਸੰਦਿਆ, ਖੇਡੰਦਿਆ. ਪੈਨੰਦਿਆ, ਖਾਵੰਦਿਆ,
ਵਿਚੇ ਹੋਵਹਿ ਮੁਕਤਿ ।

ਉਸ ਸਮੇਂ ਜੋਗੀ ਉਪਰਾਮ ਹੋ ਕੇ ਸਮਾਜਕ ਘੋਲ ਵਿਚੋਂ ਨਸ ਚੁਕੇ ਸਨ। ਅਤੇ ਲੋਕ ਹਿੱਤਾਂ ਨਾਲ ਉਨ੍ਹਾਂ ਦਾ ਦੂਰ ਦਾ ਵੀ ਵਾਸਤਾ ਨਹੀਂ ਸੀ। ਜਿਹੜੇ ਆਪਣੇ ਜੀਵਨ-ਨਿਰਬਾਹ ਲਈ ਕੋਈ ਮੁਸ਼ੱਕਤ ਨਹੀਂ ਸਨ ਕਰ ਸਕਦੇ ਉਨ੍ਹਾਂ ਨੇ ਭਲਾ ਰਜਵਾੜਾ ਸ਼ਾਹੀ ਦੇ ਜ਼ੁਲਮਾਂ ਹੇਠ ਕੁਚਲੀ ਜਾ ਰਹੀ ਜਨਤਾ ਦਾ ਕੀ ਸੁਆਰਨਾ ਸੀ? ਗੁਰੂ ਸਾਹਿਬ ਨੇ ਇਨ੍ਹਾਂ ਦੇ ਭੇਖਾਂ ਦਾ ਖੰਡਨ ਕਰਦਿਆਂ ਹੋਇਆਂ ਆਖਿਆ ।

ਜੋਗ ਨਾ ਖਿੰਥਾ, ਜੋਗ ਨ ਡੰਡੇ, ਜੋਗ ਨਾ ਭਸਮ ਚੜ੍ਹਾਈਐ ।
ਜੋਗ ਨ ਮੁੰਦੀ ਮੂੰਡਿ ਮੁੰਡਾਈਐ, ਜੋਗ ਨ ਸਿੰਙੀ ਵਾਈਐ ।
ਅੰਜਨ ਮਾਹਿ ਨਿਰੰਜਨ ਰਹੀਐ, ਜੋਗ ਜੁਗਤਿ ਇਵ ਪਾਇਐ ।

ਲੋਕ ਹਿੱਤਾਂ ਨੂੰ ਮੁਖ ਰਖਦਿਆਂ ਹੋਇਆਂ ਆਪ ਨੇ ਇਕ ਮਹਾਨ ਲੋਕ-ਨੇਤਾ ਹੋਣ ਦੀ ਹੈਸੀਅਤ ਵਿੱਚ ਉਸ ਸਮੇਂ ਦੀ ਹਕੂਮਤ ਦੇ ਵਿਰੁੱਧ ਆਵਾਜ਼ ਉਠਾਈ ਅਤੇ ਦੱਸਿਆ ਕਿ ਹਾਕਮ ਵਾੜ ਬਣਕੇ ਪਰਜਾ ਰੂਪੀ ਖੇਤੀ ਦੀ ਰੱਖਿਆ ਕਰਨ ਦੀ ਥਾਂ ਆਪ ਹੀ ਖੇਤ ਨੂੰ ਖਾ ਰਹੇ ਸਨ। ਸਾਰੇ ਪਾਸੇ ਕੂੜ ਦਾ ਹੀ ਬੋਲ ਬਾਲਾ ਸੀ।

ਕਲਿ ਕਾਤੀ ਰਾਜੇ ਕਸਾਈ ਧਰਮ ਪੰਖਿ ਕਰ ਉਰਿਡਆ ।
ਕੂੜੁ ਅਮਾਵਸੁ ਸੱਚ ਚੰਦਰਮਾ ਦੀਸੈ ਨਾਹੀ ਕੇ ਚੜ੍ਹਿਆ ।

ਉਸ ਸਮੇਂ ਰਾਜਾ ਸ਼੍ਰੇਣੀ ਦਾ ਸਬੰਧ ਇਸਲਾਮ ਧਰਮ ਨਾਲ ਸੀ; ਇਸ ਲਈ ਗੁਰੂ ਸਾਹਿਬ ਨੇ ਕਾਜ਼ੀਆਂ ਤੇ ਹੋਰ ਮੁਸਲਮਾਨਾਂ ਦੀ ਅਲੋਚਨਾ ਕਰਕੇ ਉਹਨਾਂ ਨੂੰ ਇਸਲਾਮ ਦੇ


www.AKJ.Org

ਰਹੀ ਸਿਧਾਂਤਾਂ ਦੀ ਸੋਝੀ ਕਰਾਈ:—

ਮਿਹਰ ਮਸੀਤ, ਸਿਦਕ ਮੁਸੱਲਾ, ਹੱਕੁ ਹਲਾਲੁ ਕੁਰਾਣੁ ।
ਸਰਮ ਸੁੰਨਤਿ ਸੀਲ ਰੋਜਾ, ਹੋਹੁ ਮੁਸਲਮਾਣੁ ।
ਕਰਣੀ ਕਾਬਾ ਸਚੁ ਪੀਰ, ਕਲਮਾ ਕਰਮਿ ਨਿਵਾਜ ।
ਤਸਬੀ ਸਾ ਤਿਸੁ ਭਾਵਸੀ, ਨਾਨਕ ਰੱਖੈ ਲਾਜ ।

ਇਕ ਚੰਗੇ ਮੁਸਲਮਾਨ ਦੇ ਇਹ ਲੱਛਣ ਕੁਰਾਨ ਦੇ ਸਿਧਾਂਤਾਂ ਅਨੁਸਾਰ ਨਹੀਂ ਦੱਸੇ ਗਏ ਸਗੋਂ ਉਹਨਾਂ ਗੁਣਾਂ ਦਾ ਬਿਆਨ ਕੀਤਾ ਗਿਆ ਹੈ ਜਿਹੜੇ ਗੁਣ ਉਸ ਲੋਕ-ਲਹਿਰ ਨੇ ਉਪਜਾਉਣੇ ਸਨ ਜਿਸ ਲਹਿਰ ਦਾ ਮੁਖ ਗੁਰੂ ਨਾਨਕ ਦੇਵ ਜੀ ਬੰਨ੍ਹ ਰਹੇ ਸਨ । ਆਪ ਜੀ ਦੇ ਸਾਰੇ ਉਪਦੇਸ਼ ਲੋਕ-ਲਹਿਰ ਦੇ ਸਿਧਾਂਤਾਂ ਨਾਲ ਅਟੁਟ ਸੰਬੰਧ ਰੱਖਣ ਵਾਲੇ ਸਨ । ਇਕ ਸਾਧਾਰਣ ਪਟਵਾਰੀ ਦੇ ਘਰ ਜਨਮ ਲੈਣ ਕਰਕੇ ਆਮ ਲੋਕਾਂ ਵਿਚੋਂ ਹੀ ਸਨ ਅਤੇ ਆਪਣਾ ਆਲਾ ਦੁਆਲਾ ਇਕ ਸਾਧਾਰਣ ਮਨੁਖ ਦੇ ਆਲੇ ਦੁਆਲੇ ਨਾਲ ਹੀ ਮੇਲ ਖਾਂਦਾ ਸੀ। ਆਪ ਨੇ ਆਮ ਲੋਕਾਂ ਦੇ ਕਾਰਾਂ ਵਿਹਾਰਾਂ ਵਿਚ ਪੈ ਕੇ ਉਹਨਾਂ ਦੀਆਂ ਔਕੜਾਂ ਨੂੰ ਸਮਝਿਆ ਅਤੇ ਫਿਰ ਉਹਨਾਂ ਦੀ ਬੋਲੀ ਵਿਚ ਹੀ ਉਹਨਾਂ ਨੂੰ ਸਿਖਿਆ ਦਿਤੀ। ਵਿਦਵਾਨ ਹੁੰਦਿਆਂ ਹੋਇਆਂ ਵੀ ਲੋਕਾਂ ਦੀ ਅਗਵਾਈ ਕਰਨ ਵੇਲੇ ਆਪ ਨੇ ਅਪਣੀ ਵਿਦਵਤਾ ਦਾ ਭਾਰ ਕਿਤੇ ਨਹੀਂ ਪੈਣ ਦਿਤਾ । ਇਕ ਕਿਰਸਾਨ ਕਿਰਸਾਣੀ ਕਰਦਿਆਂ ਹੋਇਆਂ ਨਾਮ ਦਾ ਬੀਜ ਬੀਜਣ ਲਈ ਆਖਿਆ ਵਪਾਰੀ ਨੂੰ ਸੱਚ ਦਾ ਵਪਾਰੀ ਬਣਨ ਦਾ ਉਪਦੇਸ਼ ਦਿਤਾ । ਨੌਕਰੀ ਕਰਨ ਵਾਲੇ ਨੂੰ ਸੱਚੇ ਸਾਹਿਬ ਦਾ ਚਾਕਰ ਬਣਨ ਦੀ ਸਿਖਿਆ ਦਿਤੀ ।

ਆਪ ਲੋਕ ਗੂੜ੍ਹ ਗਿਆਨਾਂ ਦੇ ਦਲੀਲ ਬਾਜ਼ੀਆਂ ਨੂੰ ਨਹੀਂ ਜਾਣਦੇ; ਆਪ ਨੇ ਉਹਨਾਂ ਨੂੰ ਅਮਲੀ ਤੌਰ ਤੇ ਸਿਖਿਆ ਦੇਣ ਦਾ ਯਤਨ ਕੀਤਾ । ਕਰਤਾਰਪੁਰ ਦੀਆਂ ਖੇਤੀਆਂ ਵੱਲ ਪਾਣੀ ਦੇ ਛਿੱਟੇ ਮਾਰਕੇ ਪਿਤਰਾਂ ਨੂੰ ਪਾਣੀ ਦੇਣੋਂ ਵਰਜਿਆ। ਸਾਧਾਂ ਸੰਤਾਂ ਨੂੰ ਭੋਜਨ ਛਕਾ ਕੇ ਸੱਚਾ ਸੌਦਾ ਕਰਨ ਦੀ ਜਾਚ ਸਿਖਾਈ । ਤੇਰਾ ਤੇਰਾ ਦੀ ਧੁਨ ਲਾ ਕੇ ਸਭ ਕੁਝ ਉਸੇ ਦਾ ਸਮਝਣ ਦੀ ਪ੍ਰੇਰਨਾ ਦਿਤੀ । ਲੋਕਾਂ ਦੀ ਅਗਵਾਈ ਕਰਦਿਆਂ ਹੋਇਆਂ ਲੋਕਾਂ ਦੇ ਹਮਾਇਤੀ ਹੋਣ ਦੇ ਜੁਰਮ ਵਿਚ ਆਪ ਨੂੰ ਬਾਬਰ ਦੀ ਕੈਦ ਕਟਣੀ ਪਈ ਅਤੇ ਦੁਖੀ ਲੋਕਾਂ ਦੀ ਦੁਰਦਸ਼ਾ ਤੱਕ ਕੇ ਆਪ ਨੇ ਦਰਦ ਦੇ ਹੰਝੂ ਵੀ ਰੱਜ ਰੱਜ ਕੇ ਕੇਰੇ ਅਜੇਹਾ ਆਪ ਕਰਦੇ ਵੀ ਕਿਉਂ ਨਾ ਜਦੋਂ ਕਿ ਆਪ ਇਕ ਮਹਾਨ ਲੋਕ ਆਗੂ ਦੇ ਰੂਪ ਵਿਚ ਜਨਤਾ ਦੀ ਅਗਵਾਈ ਕਰ ਰਹੇ ਸਨ।

—o—

# ਸ੍ਰੀ ਗੁਰੂ ਨਾਨਕ ਸਤਿਸੰਗ ਸਭਾ ਸਿੰਘਾਪੁਰ ਵਲੋਂ ਆਲ ਇੰਡੀਆ ਰੇਡੀਓ ਤੋਂ ਭਾਰਤ ਸਰਕਾਰ ਤੋਂ ਪੰਜਾਬੀ ਪਰੋਗਰਾਮ ਦੀ ਪੁਰਜ਼ੋਰ ਮੰਗ

ਆਲ ਇੰਡੀਆਂ ਰੇਡੀਓ ਦਿਲੀ ਦੇ ਜਰਨਲ ਓਵਰਸੀਜ਼ ਸਰਵਿਸ ਵਿਚ ਜੋ ਅਗੇ ਬਾਹਰਲੇ ਮੁਲਕਾਂ ਵਿਚ ਵਸ ਰਹੇ ਹਿੰਦੁਸਤਾਨੀਆਂ ਲਈ ਹਿੰਦੀ, ਅੰਗਰੇਜ਼ੀ, ਤਾਮਲ ਅਤੇ ਹੋਰ ਬੋਲੀਆਂ ਵਿਚ ਪ੍ਰੋਗਰਾਮ ਬ੍ਰਾਡਕਾਸਟ ਕੀਤਾ ਜਾ ਰਿਹਾ ਸੀ ਤੇ ਹੁਣ ਗੁਜਰਾਤ ਜ਼ਬਾਨ ਦੇ ਪ੍ਰੋਗਰਾਮ ਦਾ ਵਾਧਾ ਕੀਤਾ ਗਿਆ ਹੈ, ਇਸ ਦੀ ਪ੍ਰਸੰਸਾ ਕਰਦੀ ਹੈ । (੧) ਪੰਜਾਬੀਆਂ ਦੀ ਵਸੋਂ ਹਿੰਦੁਸਤਾਨ ਤੋਂ ਬਾਹਰ ਬਹੁਤ ਜ਼ਿਆਦਾ ਹੈ ਤੇ ਇਹ ਦੁਨੀਆਂ ਦੇ ਹਰ ਹਿਸੇ ਵਿਚ ਚੰਗੀ ਗਿਣਤੀ ਵਿਚ ਵਸ ਰਹੇ ਹਨ (ਜਿਹਾ ਕਿ ਬਰਮਾ, ਥਾਈਲੈਂਡ, ਮਲੇਸ਼ੀਆ ਸਿੰਘਾਪੁਰ, ਜਪਾਨ, ਫਿਲਪਾਈਨਜ਼, ਫਿਜੀ, ਆਸਟਰੇਲੀਆ, ਅਫਰੀਕਾ, ਇੰਗਲੈਂਡ, ਅਮਰੀਕਾ, ਕੈਨੇਡਾ ਅਤੇ ਮੱਧ ਏਸ਼ੀਆ ਦੇ ਬਹੁਤ ਸਾਰੇ ਮੁਲਕਾਂ ਵਿਚ ਵਸ ਰਹੇ ਹਨ) ਪੰਜਾਬੀਆਂ ਲਈ ਆਲ ਇੰਡੀਆ ਰੇਡੀਓ ਦੀ ਐਕਸਟਰਨਲ ਸਰਵਿਸ ਤੋਂ ਪੰਜਾਬੀ ਵਿਚ ਪ੍ਰੋਗਰਾਮ ਹੋਣੇ ਅਤਿ ਜ਼ਰੂਰੀ ਹਨ ਤਾਂ ਕਿ ਪੰਜਾਬੀ ਆਪਣੀ ਕਲਚਰ ਵਿਚ ਕਾਇਮ ਰਹਿ ਸਕਣ ਤੇ ਉਹਨਾਂ ਦੇ ਸਬੰਧ ਭਾਰਤ ਭੂਮੀ ਨਾਲ ਕਾਇਮ ਰਹਿ ਸਕਣ । (੨) ਪਾਕਿਸਤਾਨ ਅਤੇ ਰੂਸ ਤੋਂ ਅਗੇ ਹੀ ਪੰਜਾਬੀ ਪ੍ਰੋਗਰਾਮ ਸ਼ੁਰੂ ਹੋ ਚੁਕੇ ਹੋਏ ਹਨ, ਇਹ ਪ੍ਰੋਗਰਾਮ ਆਪਸ ਵਿਚ ਤਾਲਮੇਲ ਰਖਣ ਲਈ ਅਤਿ ਜ਼ਰੂਰੀ ਹਨ। (੩) ਪੰਜਾਬੀ ਪ੍ਰੋਗਰਾਮ ਸ਼ੁਰੂ ਹੋ ਜਾਣ ਨਾਲ ਪੰਜਾਬੀਆਂ ਨਾਲ ਹੋ ਰਹੀ ਬੇਇਨਸਾਫੀ ਦੂਰ ਹੋ ਜਾਵੇਗੀ । (੪) ਇਹ ਅਜ ਦਾ ਸਮਾਗਮ ਭਾਰਤ ਸਰਕਾਰ ਦੇ ਕਰਮਚਾਰੀਆਂ ਪਾਸੋਂ ਮੰਗ ਕਰਦਾ ਹੈ ਕਿ ਛੇਤੀ ਤੋਂ ਆਲ ਇੰਡੀਆ ਰੇਡੀਓ ਤੋਂ ਪੰਜਾਬੀ ਪ੍ਰੋਗਰਾਮ ਬ੍ਰਾਡਕਾਸਟ ਕਰਕੇ, ਪੰਜਾਬੀਆਂ ਦੀ ਮੰਗ ਨੂੰ ਪੂਰਾ ਕਰੇ ਤਾਂ ਕਿ ਭਾਰਤ ਸਰਕਾਰ ਤੋ ਬਾਹਰ ਵਸਦੇ ਪੰਜਾਬੀ ਵੀ ਆਪਣੀ ਮਾਤ ਭਾਸ਼ਾ ਤੇ ਮਾਨ ਕਰ ਸਕਣ । (ਨੋਟ:—ਇਸ ਰੈਜ਼ੂਲੇਸ਼ਨ ਦੀਆਂ ਕਾਪੀਆਂ, ਪ੍ਰੇਜ਼ੀਡੈਂਟ ਔਫ ਇੰਡੀਆ, ਪ੍ਰਧਾਨ ਮੰਤਰੀ ਇੰਡੀਆ, ਗ੍ਰਹਿ ਮੰਤਰੀ ਮਨਿਸਟਰ ਔਫ ਬ੍ਰਾਡਕਾਸਟਿੰਗ, ਡੀਫੈਂਸ ਮਨਿਸਟਰ, ਸਪੀਕਰ ਲੋਕ ਸਭਾ, ਚੀਫ ਮਨਿਸਟਰ ਪੰਜਾਬ, ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਕਮੇਟੀ ਅੰਮ੍ਰਿਤਸਰ, ਚੀਫ ਖਾਲਸਾ ਦੀਵਾਨ, ਦੇਸੀ ਤੇ ਪ੍ਰਦੇਸੀ ਅਖਬਾਰਾਂ ਤੇ ਗੁਰਦਵਾਰਾ ਕਮੇਟੀਆਂ ਨੂੰ ਭੇਜਣਾ ਪ੍ਰਵਾਨ ਹੋਇਆ ।

ਸੇਵਕ —

www.AKJ.org

# ਸਿਖ ਧਰਮ ਤੇ ਬੁਤ-ਪ੍ਰਸਤੀ—ਨੰ: ੩

(ਵਲੋਂ—ਭਾਈ ਜਗਤਾਰ ਸਿੰਘ ਜੀ ਰੇਲਵੇ ਗਾਰਡ, ਕੋਟਾ (ਰਾਜਿਸਥਾਨ)

ਪਿਛਲੇ ਲੇਖਾਂ ਵਿਚ ਗੁਰਬਾਣੀ ਅਧਾਰਿਤ ਵਿਚਾਰ ਤੋਂ ਇਹ ਤਾਂ ਸਪੱਸ਼ਟ ਹੋ ਗਿਆ ਹੈ ਕਿ ਸਿਖ ਧਰਮ, ਸਰਗੁਨ ਅਥਵਾ ਬੁਤ ਉਪਾਸ਼ਨਾ ਦਾ ਨਾ ਕੇਵਲ ਕਾਇਲ ਹੀ ਨਹੀਂ ਸਗੋਂ ਕਟੜ ਵਿਰੋਧੀ ਵੀ ਹੈ । ਤਾਂ ਕੀ ਸਿੱਖ ਕੌਮ ਇਸ ਕੁੜਾਵੀ ਕਾਰ ਤੋਂ ਪੂਰਨ ਤੌਰ ਤੇ ਬਚ ਸਕੀ ਹੈ ? ਇਹ ਤਾਂ ਠੀਕ ਹੈ ਕਿ ਸਿਖਾਂ ਵਿਚ ਖੁਲ੍ਹਮ ਖਲ੍ਹਾ ਬੁਤ—ਪ੍ਰਸਤੀ ਜੇਹੀ ਕੋਈ ਚੀਜ਼ ਨਹੀਂ, ਨਾ ਹੀ ਕਦੇ ਹੋਵੇਗੀ । ਜਿਸ ਕਿਸੇ ਸ੍ਰੇਣੀ ਨੇ ਵੀ ਕਿਸੇ ਵਿਅਕਤੀ ਨੂੰ ਅਕਾਲ ਪੁਰਖ ਦਾ ਸਰਗੁਣ—ਸ੍ਰਰੂਪ ਕਹਿਣ ਦਾ ਹੀਆ ਕੀਤਾ ਹੈ, ਉਸ ਨੂੰ ਪੰਥ ਵਿਚੋਂ ਛੇਕਿਆ ਗਿਆ ਹੈ ਫੇਰ ਵੀ ਇਹ ਅਕਾਲੀ ਕੌਮ ਬੁਤ ਪੂਜਾ ਤੋਂ ਮੁਕੰਮਲ ਤੌਰ ਤੇ ਪਾਕ ਨਹੀਂ ਕਹੀ ਜਾ ਸਕਦੀ । ਸਾਡੇ ਵਿਚ ਬੁਤ-ਪੂਜਾ ਦੇ ਅਨੇਕ ਸੰਸਕਾਰ ਹਨ ਜਿਨ੍ਹਾਂ ਦਾ ਪ੍ਰਗਟਾਵਾ ਸਾਡੀਆਂ ਧਰਮ ਕਿਰਆਵਾਂ ਰਾਹੀਂ ਹੁੰਦਾ ਰਹਿੰਦਾ ਹੈ। ਇਹ ਸੰਸਕਾਰ ਅਸੀਂ ਬੁਤ ਪੂਜਕਾਂ ਨਾਲ ਨੇੜੇ ਦੇ ਸਮਾਜਿਕ ਸੰਬੰਧ ਹੋਣ ਕਾਰਣ ਆਪਣੇ ਆਪ ਵਿਚ ਪੈਦਾ ਕਰਦੇ ਹਾਂ। ਆਉ ਦੇਖੀਏ ਕਿਸ ਕਿਸ ਢੰਗ ਨਾਲ ਅਸੀਂ ਬੁੱਤ-ਪੂਜਾ ਵਲ ਝੁਕੇ ਹੋਏ ਸਾਬਤ ਹੁੰਦੇ ਹਾਂ ।

ਘਰਾਂ ਵਿਚ ਪਾਠ ਕਰਨ ਲਗਿਆਂ ਅਸੀਂ ਉਚੇਚੇ ਤੌਰ ਤੇ ਆਪਣਾ ਮੂੰਹ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਵਲ ਕਰਕੇ ਬੈਠਦੇ ਹਾਂ । ਅਰਦਾਸ ਕਰਨ ਲਗਿਆਂ ਅਸੀਂ ਸੁਭਾਵਿਕ ਹੀ ਗੁਰੂ ਸਾਹਿਬ ਦੀਆਂ ਫੋਟੋਆਂ ਜਾਂ ਦੀਵਾਰਾਂ ਤੇ ਲਟਕਦੇ ਕੈਲੰਡਰਾਂ ਦੇ ਸਨਮੁਖ ਖਲੋਂਦੇ ਹਾਂ । ਅਸੀਂ ਇਨ੍ਹਾਂ ਫੋਟੋਆਂ ਨੂੰ ਮੱਥਾ ਵੀ ਟੇਕਦੇ ਹਾਂ ਤੇ ਧੂਪ ਅਗਰਵਤੀ ਵੀ ਕਰਦੇ ਹਾਂ । ਕਈਆਂ ਸਿਖ ਘਰਾਂ ਵਿਚ ਤਾਂ ਗੁਰੂ ਨਾਨਕ ਸਾਹਿਬ ਦੀਆਂ ਪਥਰ ਦੀਆਂ ਛੋਟੀਆਂ ਛੋਟੀਆਂ ਮੂਰਤੀਆਂ (ਬੁੱਤ) ਵੀ ਦੇਖਣ ਵਿਚ ਆਉਂਦੀਆਂ ਹਨ । ਕੀ ਇਹ ਮੂਰਤੀ ਪੂਜਾ ਨਹੀਂ ? ਕੀ ਮੂਰਤੀ ਕੋਈ ਗੁਰੂ ਸਾਹਿਬ ਦਾ ਨੁਮਾਇੰਦਾ ਹੈ ? ਤੇ ਕੀ ਇਸ ਮੂਰਤੀ ਦੀ ਪੂਜਾ 'ਜਾਗਤ ਜੋਤ ਜਪੈ ਨਿਸ ਬਾਸਰ' ਵਾਲੀ ਗੁਰੂ ਹੁਕਮਾਈ ਪੂਜਾ ਹੈ ? ਇਹ ਮੂਰਤੀ ਜਾਂ ਤਸਵੀਰ ਤਾਂ ਚਿਤ੍ਰਕਾਰ ਦੇ ਮਨ ਦਾ ਉਲੀਕਿਆ ਚਿਤਰ ਹੈ । ਇਸ ਤੋਂ ਵਧ ਹੋਰ ਕੁਝ ਨਹੀਂ । ਜੇ ਕੋਈ ਤਸਵੀਰ ਕਿਸੇ ਗੁਰੂ ਵਿਅਕਤੀ ਦੀ ਵਾਸਤਵਿਕ ਫੋਟੋ ਵੀ ਹੁੰਦੀ ਤਾਂ ਤੇ ਕਿਸੇ ਕਦਰ ਇਸ ਦੀ ਅਹਿਮੀਅਤ ਹੁੰਦੀ। ਪਰ ਗੁੰਜਾਇਸ਼ ਉਸ ਵਿਚ ਵੀ ਇੰਨੀ ਨਹੀਂ ਸੀ ਹੋ ਸਕਦੀ ਕਿ ਅਸੀਂ ਉਸ ਨੂੰ ਪੂਜਣ ਲਗ ਜਾਂਦੇ । ਪਰ ਇਹ ਸਾਰੀਆਂ ਤਸਵੀਰਾਂ ਤਾਂ ਨਿਰੀਆਂ ਮਨੋਕਲਪਤ ਹਨ । ਜਿਵੇਂ ਕਿਸੇ ਦਾ ਜੀ ਕੀਤਾ ਬਣਾ ਦਿਤੀ । ਕਈਆਂ ਵਿਚੋਂ ਤਾਂ ਚਿਤ੍ਰਕਾਰਾਂ ਦੀ ਮੂਰਖਤਾ ਵੀ ਚੋਖੀ ਟਪਕਦੀ ਹੈ। ਕਿਤੇ ਗੁਰੂ ਨਾਨਕ ਸਾਹਿਬ ਨੂੰ ਗਰੰਥ ਸਹਿਬ ਜੀ ਦੀ ਤਾਬਿਆ ਬੈਠਾ ਦਰਸਾਇਆ ਹੋਇਆ ਹੈ । ਕਿਧਰੇ ਕੋਲ ਦਰਖਤ ਨਾਲ ਤੋਤੇ ਵਾਲਾ ਪਿੰਜਰਾ ਲਟਕਦਾ ਨਜ਼ਰ ਆਂਵਦਾ ਹੈ; ਕਿਧਰੇ ਗੁਰੂ ਸਾਹਿਬ ਦੇ ਸੀਸ ਤੇ ਦਸਤਾਰੇ ਦੀ ਥਾਂ ਟੋਪੀ ਜੇਹੀ ਧਰੀ ਹੋਈ ਹੈ । ਇਨ੍ਹਾਂ ਮੂਰਖ ਚਿਤਰਕਾਰਾਂ ਨੂੰ ਕੋਈ ਪੁਛੇ ਕਿ ਗੁਰੂ ਗਰੰਥ ਸਾਹਿਬ ਦੀ ਬੀੜ ਤਾਂ ਪੰਜਵੇਂ ਪਾਤਸ਼ਾਹ ਬਨ੍ਹੀ ਸੀ ਗੁਰੂ ਨਾਨਕ ਸਾਹਿਬ ਤਾਬਿਆ ਕਿਸ ਤਰ੍ਹਾਂ ਬੈਠ ਗਏ ? ਕੀ ਗੁਰੂ ਨਾਨਕ ਸਾਹਿਬ ਵੀ ਆਮ ਸੰਸਾਰੀ ਦੀ ਤਰ੍ਹਾਂ ਪੰਛੀਆਂ ਨੂੰ ਕੈਦਖਾਨੇ ਵਿਚ ਪਾਈ ਪਿੰਜਰਾ ਨਾਲ ਚੁਕੀ ਫਿਰਦੇ ਸਨ । ਫੇਰ ਸਿਖਾਂ ਲਈ ਤਾਂ 'ਸਾਬਤ ਸੂਰਤ ਦਸਤਾਰ ਸਿਰਾ' ਦਾ ਹੁਕਮ ਹੈ, ਗੁਰੂ ਸਾਹਿਬ ਦੀ ਫੋਟੋ ਸੇਲੀ ਟੋਪੀ ਵਾਲੀ ਕਿਉਂ ਬਣਾਉਂਦੇ ਹਨ ? ਖੈਰ ਇਹ ਤਾਂ ਮੂਰਖ ਹੋਏ ਸੋ ਹੋਏ, ਅਸੀਂ ਆਪਣੇ ਆਪ ਨੂੰ ਕੀ ਕਹੀਏ ਜੋ ਇਨ੍ਹਾਂ ਤਸਵੀਰਾਂ ਨੂੰ ਬੜੇ ਚਾਅ ਨਾਲ ਸੋਹਣੇ ਸੋਹਣੇ ਫਰੇਮਾਂ ਵਿਚ ਜੜ ਕੇ ਘਰਾਂ ਵਿਚ ਲਟਕਾਉਂਦੇ ਹਾਂ ਤੇ ਮਥੇ ਟੇਕਦੇ ਹਾਂ ।

ਅਸਲ ਵਿਚ ਜੇਹੜੀਆਂ ਗਲਤ ਕਿਰਆਵਾਂ ਅਸੀਂ ਆਪਣੇ ਧਰਮ ਅਸਥਾਨਾਂ ਵਿਚ ਕਰਦੇ ਹਾਂ, ਜਾਂ ਜੋ ਸਾਡੇ ਆਗੂ


www.AKJ.Org

ਕਰਦੇ ਹਨ ਉਹ ਸਾਡੇ ਸਮੁੱਚੇ ਜੀਵਨ ਦਾ ਅੰਗ ਬਣ ਜਾਂਦੀਆਂ ਹਨ ਤੇ ਇਹ ਮੂਰਤੀ ਪੂਜਾ ਵਾਲੀ ਕੋਝੀ ਕਾਰ ਸਾਡੇ ਗੁਰਦਵਾਰਿਆਂ ਵਿਚ ਖੂਬ ਹੈ । ਗੁਰਦਵਾਰੇ ਦੀਆਂ ਦੀਵਾਰਾਂ ਤੇ ਲਗੀਆਂ ਫੋਟੋਆਂ ਨੂੰ ਆਮ ਲੋਕ ਮੱਥੇ ਟੇਕਦੇ ਹਨ, ਹਾਰ ਪਹਿਨਾਉਂਦੇ ਹਨ ਧੂਪਾਂ ਦਿੰਦੇ ਹਨ । ਕਈ ਥਾਵਾਂ ਤਾਂ ਗੁਰੂ ਗਰੰਥ ਸਾਹਿਬ ਜੀ ਦੇ ਨਾਲ ਹੀ ਸਾਹਮਣੇ ਕਰਕੇ ਇਹ ਮਨੋਕਲਪਤ ਤਸਵੀਰਾਂ ਸਜਾਈਆਂ ਜਾਂਦੀਆਂ ਹਨ, ਤੇ ਮੱਥਾ ਟੇਕਣ ਵਾਲੇ ਪ੍ਰਾਣੀ ਦਾ ਸਾਰਾ ਧਿਆਨ ਸਾਧਾਰਣਤਾ ਨਾਲ ਇਨ੍ਹਾਂ ਫੋਟੋਆਂ ਵਲ ਹੀ ਟਿਕਦਾ ਹੈ। ਛੋਟੀਆਂ ਥਾਵਾਂ ਦੀ ਤਾਂ ਗਲ ਕੀ ਹੈ ਗੁਰਦਵਾਰਾ ਰਕਾਬ ਗੰਜ ਸਾਹਿਬ ਵਿਖੇ ਨੌਵੇਂ ਪਾਤਸ਼ਾਹ ਦੀ ਤੇ ਪਟਨੇ ਸਾਹਿਬ ਵਿਖੇ ਦਸਵੇਂ ਪਾਤਸ਼ਾਹ ਦੀ ਫੋਟੋ ਇਸੇ ਢੰਗ ਨਾਲ ਰਖੀ ਦੇਖ ਕੇ ਬੜਾ ਅਸਚਰਜ ਹੁੰਦਾ ਹੈ ਕਿ ਇਨ੍ਹਾਂ ਸਥਾਨਾਂ ਦਾ ਪਰਬੰਧ ਤਾਂ ਵਡੀਆਂ ਵਡੀਆਂ ਸੰਸਥਾਵਾਂ ਦੇ ਹੱਥ ਹੈ. ਇਹ ਕੋਝੀ ਕਾਰ ਇਥੇ ਕਿਉਂ ? ਪਟਨਾ ਸਾਹਿਬ ਦਾਸ ਨੇ ਕਈਆਂ ਨੂੰ ਇਹ ਕਹਿੰਦੇ ਸੁਣਿਆ ਕਿ ਇਹ ਮਖਸੂਸ ਫੋਟੋ ਨੂੰ ਚਿਤਰਕਾਰ ਨੇ ਬਣਾਇਆ ਪਰ ਨੇਤ੍ਰ ਠੀਕ ਢੰਗ ਨਾ ਬਣਾ ਸਕਿਆ, ਜੋ ਗੁਰੂ ਸਾਹਿਬ ਨੇ ਆਪ ਆਪਣੇ ਹਸਤ ਕਮਲਾਂ ਨਾਲ ਬਣਾ ਕੇ ਇਸ ਚਿਤਰ ਨੂੰ ਪੂਰਵਤਾ ਬਖਸ਼ੀ । ਬਸ ਐਸੀ ਗਲ ਸੁਣਕੇ ਦਰਸ਼ਕ ਤਾਂ ਮਸਤੀ ਵਿਚ ਇਸ ਫੋਟੋ ਦੇ ਹੀ ਦਰਸ਼ਨ ਕਰਦੇ ਹਨ, ਗੁਰੂ ਗਰੰਥ ਸਾਹਿਬ ਜੀ ਦੇ ਨਹੀਂ । ਗੁਰੂ ਸਾਹਿਬ ਦੇ ਜ਼ਾਹਰਾ ਜ਼ਹੂਰ ਪ੍ਰਕਾਸ਼ ਨੂੰ ਤਾਂ ਅਸੀਂ ਭੁਲ ਹੀ ਜਾਂਦੇ ਹਾਂ, ਮਨ ਕੁੜਾਵੀ ਕਾਰ ਵਲ ਜੋ ਲਗਾ ਹੁੰਦਾ ਹੈ। ਸਥਾਨਿਕ ਗੁਰਦਵਾਰੇ ਵਿਚ ਇਕ ਗੋਲ-ਪਗੀਏ ਸੰਤ ਨੂੰ ਦਾਸ ਨੇ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਕਥਾ ਕਰਦੇ ਦੇਖਿਆ । ਸੰਤ ਜੀ ਜਦ ਵੀ ਆਪਣੇ ਪਰਵਚਨ ਵਿਚ 'ਧੰਨ ਗੁਰੂ ਨਾਨਕ' ਆਖਣ ਤਦੇ ਦੋਵੇਂ ਹਥ ਜੋੜ ਕੇ ਸਾਹਮਣੇ ਦੀਵਾਰ ਤੇ ਲਗੀ ਵਡੀ ਸਾਰੀ ਗੁਰੂ ਨਾਨਕ ਸਾਹਿਬ ਦੀ ਤਸਵੀਰ ਅਗੇ ਸਿਰ ਝੁਕਾ ਦੇਣ। ਸੰਤ ਜੀ ਨੂੰ ਤਸਵੀਰ ਵਿਚ ਤਾਂ ਗੁਰੂ ਨਾਨਕ ਦਿਸੇ, ਪਰ ਇਸ ਗਲ ਦਾ ਗੁਮਾਨ ਵੀ ਨਾ ਜਿਸ ਦੀ ਤਾਬਿਆ ਬੈਠੇ ਹਨ. ਵਾਸਤਵਿ ਸਵਰੂਪ ਤਾਂ ਗੁਰੂ ਨਾਨਕ ਦਾ ਉਹ ਹੈ, ਜ਼ਾਹਰਾ ਜ਼ਹੂਰ ਗੁਰੂ, ਪ੍ਰਕਾਸ਼ਮਾਨ ਗੁਰੂ ਹੈ। ਜੇ ਸੰਤ ਜੀ ਹੀ ਗੁਰੂ ਦੀ ਮੌਜੂਦਗੀ ਵਿਚ ਗੁਰੂ ਨੂੰ ਛਡ ਕੇ ਤਸਵੀਰ ਅਗੇ ਮਥਾ ਟੇਕਣ ਦੀ ਗੁਸਤਾਖੀ ਕਰਨ, ਤਦ ਸੰਗਤਾਂ ਜੇਹੜੀਆਂ ਕੇਵਲ ਸੰਤ ਜੀ ਦੀ ਗੋਲ ਪੱਗ ਤੋਂ ਤੇ ਲੰਮੇ ਚੋਲੇ ਤੋਂ ਹੀ ਕਾਫੀ ਪ੍ਰਭਾਵਿਤ ਹੋਈਆਂ ਹੋਈਆਂ ਹੋਣ, ਕਿਵੇਂ ਉਹਨਾਂ ਦੇ ਨਕਸ਼ੇ ਕਦਮ ਤੋਂ ਪਿਛੇ ਰਹਿ ਸਕਦੀਆਂ ਹਨ ।

ਕੁਛ ਚਿਰਾਂ ਤੋਂ ਸਿਖ ਜਗਤ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਇਕ ਐਸੀ ਫੋਟੋ ਵੀ ਨਜ਼ਰ ਆਂਵਦੀ ਹੈ ਜਿਸ ਨੂੰ ਸਿਖ ਸੰਗਤਾਂ ਗੁਰੂ ਸਾਹਿਬ ਦੀ ਅਸਲੀ ਫੋਟੋ ਕਹਿੰਦੀਆਂ ਹਨ। ਇਸ ਦੀ ਵਾਸਤਵਿਕਤਾ ਦੀ ਕਹਾਣੀ ਇਕ ਮਹਾਂ ਪੁਰਖ ਦੇ ਨਾਂ ਨਾਲ ਜੋੜੀ ਜਾਂਦੀ ਹੈ ਕਹਿੰਦੇ ਹਨ ਕਿ ਇਨ੍ਹਾਂ ਮਹਾਂ ਪੁਰਖਾਂ ਨੂੰ ਗੁਰੂ ਸਾਹਿਬ ਦੇ ਦੀਦਾਰ ਹੋਏ ਤਾਂ ਇਨ੍ਹਾਂ ਇਕ ਚਿਤਰਕਾਰ ਨੂੰ ਨਾਲ ਲੈਕੇ ਉਸ ਨੂੰ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਾਏ ਤੇ ਉਸ ਨੇ ਇਹ ਚਿਤਰ ਤਿਆਰ ਕੀਤਾ । ਇਨ੍ਹਾਂ ਸੰਤਾਂ ਦੇ ਸ਼ਰਧਾਲੂ ਤਾਂ ਬਹੁਤ ਸਾਰੇ ਹਨ, ਬਸ ਇਹ ਫੋਟੋ ਪ੍ਰਚਲਤ ਹੋ ਗਈ। ਵੈਸੇ ਜਿਥੋਂ ਤਕ ਸੁਣਨ ਵਿਚ ਆਇਆ ਹੈ ਇਹ ਗੁਰਮੁਖ ਗੁਰਸਿਖ ਬੜੇ ਨੇਮੀ ਪ੍ਰੇਮੀ ਤੇ ਨਾਮ ਬਾਣੀ ਦੇ ਰਸੀਏ ਸਨ ਤੇ ਅੰਮ੍ਰਿਤ ਪਰਚਾਰ ਵੀ ਇਨ੍ਹਾਂ ਕਾਫ਼ੀ ਕੀਤਾ ਹੈ। ਪਰ ਇਹ ਤਸਵੀਰ ਵਾਲੀ ਗਲ ਪਤਾ ਨਹੀਂ ਕਿਸੇ ਐਵੇਂ ਇਨ੍ਹਾਂ ਦੇ ਨਾਲ ਜੋੜ ਦਿਤੀ, ਜਾਂ ਕਿਸੇ ਚਿਤਰਕਾਰ ਨੇ ਆਪਣੇ ਚਿਤਰ ਦੀ ਵਿਕਰੀ ਵਧਾਉਣ ਲਈ ਗਲ ਬਣਾ ਦਿਤੀ ਹੋਵੇ ਜਾਂ ਜੇ ਇਨ੍ਹਾਂ ਗੁਰਮੁਖ ਭਾਈ ਸਾਹਿਬ ਦਾ ਵੀ ਕੋਈ ਸੰਬੰਧ ਇਸ ਗਲ ਨਾਲ ਹੈ ਤਾਂ ਉਹ ਆਪ ਜਾਣਦੇ ਹੋਣਗੇ । ਪਰ ਇਹ ਗਲ ਨਿਰਸੰਦੇਹ ਗੁਰਮਤ ਵਿਰੋਧੀ ਹੈ ਤੇ ਸਿਖਾਂ ਨੂੰ ਮੂਰਤੀ ਪੂਜਕ ਬਣਾਉਣ ਵਲ ਇਕ ਕਦਮ ਹੈ ।

ਹੁਣ ਅਵਸ਼ਕਤਾ ਤਾਂ ਇਸ ਗਲ ਦੀ ਹੈ ਕਿ ਇਹ ਕੂੜੀ ਮੂਰਤੀ ਪੂਜਾ ਸਾਡੇ ਵਿਚੋਂ ਦੂਰ ਹੋਵੇ। ਇਸਦਾ ਇਕ ਸਹੀ ਇਲਾਜ ਤਾਂ ਇਹੋ ਹੈ ਗੁਰੂ ਸਾਹਿਬਾਨ ਦੀਆਂ ਫੋਟੋ ਹੀ ਨਹੀਂ ਬਣਾਨੀਆਂ ਚਾਹੀਦੀਆਂ । ਗੁਰੂ ਸਾਹਿਬ ਦਾ ਸਵਰੂਪ ਗੁਰੂ ਗਰੰਥ ਸਾਹਿਬ ਜੀ ਸਾਡੇ ਪਾਸ ਹਨ। ਫੋਟੋ ਦੀ ਕੋਈ ਲੋੜ ਨਹੀਂ । ਫੇਰ ਗੁਰੂ ਸਾਹਿਬ ਦਾ ਹੁਕਮ ਹੈ 'ਗੁਰ ਮੂਰਤ ਗੁਰ ਸ਼ਬਦ ਹੈ' । ਗੁਰ ਮੰਤਰ ਰੂਪੀ ਗੁਰੂ ਸ਼ਬਦ ਨੂੰ ਜਪਣ ਵਾਲੇ, ਧਿਆਵਣ ਵਾਲੇ ਤੇ ਮੰਨਣ ਵਾਲੇ ਗੁਰਸਿਖਾਂ ਨੂੰ ਕਾਗਜ਼ੀ ਤੇ ਪਥਰੀ ਚਿਤਰਾਂ ਦੀ ਕੀ ਲੋੜ ? ਇਸਲਾਮ ਨੇ ਕਿਡੀ ਅਕਲਮੰਦੀ ਤੋਂ ਕੰਮ ਲਿਆ ਹੈ, ਮੁਸਲਮਾਨਾਂ ਕਦੇ ਆਪਣੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੀ ਤਸਵੀਰ ਨਹੀਂ ਬਣਾਈ । ਕਾਅਬਾ ਆਦਿ ਮਸਜਿਦਾਂ ਦੀਆਂ ਫੋਟੋ ਭਾਵੇਂ ਮਿਲਦੀਆਂ ਹਨ । ਫੋਟੋ ਨਾ ਬਣੇ ਤਾਂ ਫੋਟੋ ਪ੍ਰਸਤੀ ਕਿਵੇਂ ਚਲੇ ? ਨਾ ਰਹੇ ਬਾਂਸ ਨਾ ਬਜੇ ਬੰਸਰੀ । ਜੇ ਸਿਖ ਕੌਮ ਵੀ ਦ੍ਰਿੜਤਾ ਨਾਲ ਚਿਤਰ ਬਨਾਵਣ ਦੇ ਖਿਲਾਫ ਰਹਿੰਦੀ ਤਾਂ ਜਿਨਾਂ ਕੁ ਅਸਰ ਮੂਰਤੀ ਪੂਜਾ ਦਾ ਸਾਡੇ ਵਿਚ ਹੈ ਉਸ ਤੋਂ ਅਸੀਂ ਬਚੇ ਰਹਿੰਦੇ ਤੇ ਨਾਲੇ ਦੇਹਧਾਰੀ ਗੁਰੂ-


www.AKJ.Org

ਡਮਤਾ ਤੋਂ ਬਚ ਰਹਿੰਦੇ । ਏਸ ਲਈ ਸਚਿਆਰ ਸਿਖ ਹੁਣ ਵੀ ਇਸਦਾ ਹਲ ਲਭਣ. ਆਪ ਫੋਟੋਆਂ ਨਾ ਛਪਵਾਣ। ਅਪਣੇ ਘਰਾਂ ਵਿਚ ਗੁਰੂ ਸਾਹਿਬ ਦੀਆਂ ਤਸਵੀਰਾਂ ਤੇ ਕੈਲੰਡਰ ਨਾਂ ਜਾਣ, ਆਪਣੇ ਸਨੇਹੀਆਂ ਨੂੰ ਇਸ ਵਲ ਪ੍ਰੇਰਨ ਤੇ ਗੁਰਦਵਾਰਿਆਂ ਵਿਚ ਗੁਰੂ ਸਾਹਿਬਾਨ ਦੀਆਂ ਫੋਟੋਆਂ ਨਾ ਲਾਈਆਂ ਜਾਣ। ਫੋਟੋਆਂ ਲਾਣ ਦਾ ਚਾਅ ਅਸੀਂ ਗੁਰੂ ਅਸਥਾਨਾਂ ਦੀਆਂ, ਯੋਧਿਆਂ ਦੀਆਂ, ਉਘੇ ਗੁਰਸਿਖਾਂ ਦੀਆਂ ਤੇ ਇਤਿਹਾਸਿਕ ਸਾਕਿਆਂ ਦੀਆਂ ਫੋਟੋਆਂ ਲਾ ਕੇ ਪੂਰਾ ਕਰ ਸਕਦੇ ਹਾਂ। ਗੁਰੂ ਸਾਹਿਬਾਨ ਦੀਆਂ ਫੋਟੋਆਂ ਨਹੀਂ ਚਾਹੀਦੀਆਂ।

ਮੂਰਤੀ ਪੂਜਾ ਵਾਲੇ ਹੋਰ ਵੀ ਕਈ ਕਰਮ ਅਸੀਂ ਕਰਦੇ ਹਾਂ ਜਿਹਾ ਕਿ ਗੁਰੂ ਗਰੰਥ ਸਾਹਿਬ ਜੀ ਦਾ ਰੁਮਾਲ ਚੁਕ ਕੇ ਦਰਸ਼ਨ ਕਰਨੇ, ਪਲੰਘ ਸਾਹਿਬ ਦੇ ਪਾਏ ਘੁਟਣੇ ਤੇ ਮੁਠੀਆਂ ਭਰਨੀਆਂ, ਗੁਰੂ ਸਾਹਿਬ ਲਈ ਮੌਸਮ ਦੇ ਲਿਹਾਜ਼ ਨਾਲ ਗਰਮ ਠੰਡੇ ਪੁਸ਼ਾਕਿਆਂ ਦੀ ਵਰਤੋਂ ਕਰਨੀ ਆਦਿ ਆਦਿ । ਸ੍ਰੀ ਗੁਰੂ ਗਰੰਥ ਸਾਹਿਬ ਸ਼ਬਦਾ-ਅਵਤਾਰ ਹਨ । ਇਨ੍ਹਾਂ ਦਾ ਦਰਸ਼ਨ ਵਾਕ ਲੈਣਾ, ਵਿਚਾਰਨਾ ਤੇ ਮੰਨ ਵਿਚ ਵਸਾਵਣਾ ਹੈ ਤੇ ਇਸ ਤੋਂ ਇਲਾਵਾ ਗੁਰੂ ਰੂਪ ਸਾਧ ਸੰਗਤ ਦੇ ਦਰਸ਼ਨ ਕਰਨੇ, ਇਹ ਅਸਲ ਵਿਚ ਗੁਰੂ ਦਰਸ਼ਨ ਹਨ । ਕੇਵਲ ਰੁਮਾਲ ਚੁਕ ਕੇ ਗੁਰੂ ਸਾਹਿਬ ਦਾ ਦਰਸ਼ਨ ਨਹੀਂ । ਹੁਕਮ ਲੈਣ ਤੇ ਸਮਝਣ ਤੋਂ ਬਿਨਾਂ, ਰੁਮਾਲਾ ਚੁਕਣਾ ਕੋਈ ਅਰਥ ਨਹੀਂ ਰਖਦਾ । ਇਸ ਤੋਂ ਇਲਾਵਾ ਗਰਮੀ ਤੇ ਠੰਡ ਦਾ ਇਹਸਾਸ ਪੰਜ ਭੂਤਕ ਸਰੀਰ ਨੂੰ ਹੁੰਦਾ ਹੈ । ਗੁਰਬਾਣੀ ਰੂਪ ਗੁਰੂ ਸਾਹਿਬਾਨ ਲਈ ਕੇਵਲ ਸੁਥਰੇ ਤੇ ਸਾਫ ਰੁਮਾਲਿਆਂ ਦੀ ਲੋੜ ਹੈ ਨਾ ਕੇ ਠੰਡੇ ਤੇ ਗਰਮ।

ਇਸੇ ਤਰ੍ਹਾਂ ਪਰਸ਼ਾਦਿ ਵਰਤਾਵਨ ਦੀ ਵੀ ਬੜੀ ਹੀ ਗਲਤ ਵਿਧੀ ਸਾਡੇ ਵਿਚ ਪਰਚਲਤ ਹੈ। ਠੀਕ ਠੀਕ ਪੰਥ ਪ੍ਰਵਾਣਿਤ ਵਿਧੀ ਜੋ ਪਰਸ਼ਾਦਿ ਵਰਤਾਣ ਦੀ ਹੈ ਉਹ ਇਹ ਹੈ ਕਿ ਪਰਸ਼ਾਦਿ ਦੀ ਅਰਦਾਸ ਗੁਰੂ ਸਾਹਿਬ ਜੀ ਦੇ ਹਜ਼ੂਰ ਕੀਤੀ ਜਾਵੇ ਤੇ ਪਰਸ਼ਾਦਿ ਨੂੰ ਕਿਰਪਾਨ ਭੇਟ ਕੀਤਾ ਜਾਵੇ । ਹੁਕਮਨਾਮਾ ਲੈ ਕੇ ਪਹਿਲਾਂ ਪਰਸ਼ਾਦਿ ਪੰਜ ਤਿਆਰ ਬਰ ਤਿਆਰ ਸਿੰਘਾਂ ਵਿਚ ਵਰਤਾਇਆ ਜਾਵੇ । ਫੇਰ ਸੰਗਤ ਵਿਚ ਵਰਤਾਉਣ ਲਗਿਆਂ ਪਹਿਲਾਂ ਤਾਬੇ ਬੈਠੇ ਸਿੰਘ ਨੂੰ ਕਟੋਰੀ ਵਿਚ ਪਾ ਕੇ ਦਿਤਾ ਜਾਵੇ ਤੇ ਫੇਰ ਬਾਕੀ ਸੰਗਤ ਵਿਚ ਵਰਤਾਇਆ ਜਾਵੇ । ਤਾਬੇ ਬੈਠੇ ਸਿੰਘ ਨੂੰ ਕਟੋਰੀ ਵਿਚ ਇਸ ਲਈ ਦੇਣਾ ਹੈ ਕਿ ਉਸ ਚੌਰ ਕਰਨੀ ਹੁੰਦੀ ਹੈ ਜਿਸ ਕਰਕੇ ਉਸੇ ਵੇਲੇ ਪਰਸ਼ਾਦ ਛਕ ਨਹੀਂ ਸਕਦਾ । ਜਦ ਉਹ ਇਸ ਸੇਵਾ ਤੋਂ ਫ਼ਾਰਗ ਹੋਵੇ ਤਦ ਆਪਣਾ ਹਿੱਸਾ ਕਟੋਰੀ ਵਿਚੋਂ ਲੈ ਲਵੇ । ਸੋ ਇਹ ਕਟੋਰੀ ਵਾਲਾ ਪ੍ਰਸ਼ਾਦ ਕੇਵਲ ਤਾਬਿਆ ਸਿੰਘ ਲਈ ਹੋਣਾ ਚਾਹੀਦਾ ਹੈ ।

• ਇਕ ਹੋਰ ਬੜੀ ਗੁਰਮਤ ਵਿਰੁਧ ਬੁਤ-ਪ੍ਰਸਤੀ ਵਾਲੀ ਰੀਤ ਪੰਜਾਬ ਦੇ ਪਿੰਡਾਂ ਵਿਚ ਦੇਖਣ 'ਚ ਆਂਵਦੀ ਹੈ। ਲੋਕ ਆਪਣੇ ਬਜ਼ੁਰਗਾਂ ਦੀਆਂ ਮਟੀਆਂ ਤੇ ਸਮਾਧਾਂ ਬਣਾਉਂਦੇ ਹਨ ਤੇ ਇਹਨਾਂ ਨੂੰ ਮੱਥਾ ਟੇਕਦੇ ਹਨ।

ਕੀ ਅਸੀਂ ਕਦੇ ਗੁਰੂ ਦਰਸਾਈ ਖਾਲਸਤਾਈ ਗ੍ਰਹਿਣ ਕਰਾਂਗੇ !

ਜਾਗਤ ਜੋਤ ਜਪੈ ਨਿਸ ਬਾਸਰ,
ਏਕ ਬਿਨਾ ਮਨ ਨੈਕ ਨ ਆਨੈ ।
ਪੂਰਨ ਪ੍ਰੇਮ ਪਰਤੀਤ ਸਜੇ,
ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ ।
ਤੀਰਥ ਦਾਨ ਦਯਾ ਤਪ ਸੰਜਮ,
ਏਕ ਬਿਨਾ ਨਹਿ ਏਕ ਪਛਾਨੈ ।
ਪੂਰਨ ਜੋਤ ਜਗੈ ਘਟ ਮਹਿ,
ਤਬ ਖਾਲਸ ਤਾਹਿ ਨਖਾਲਸ ਜਾਨੈ ।'

# ਦਸੂਹਾ ਵਿਖੇ ਗੁਰਮਤਿ ਸਮਾਗਮ

ਸੰਮੂਹ ਸਾਧ ਸੰਗਤ ਜੀਓ, ਬੇਨਤੀ ਹੈ ਕਿ ਸਤਿਗੁਰ ਸੱਚੇ ਪਾਤਸ਼ਾਹ ਜੀ ਦੇ ਬਖਸ਼ੇ ਉਦਮ ਅਨੁਸਾਰ ਦਾਸਾਂ ਦੇ ਗ੍ਰਹਿ ਵਿਖੇ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮ ਰਖਿਆ ਗਿਆ ਹੈ । ਸੋ ਸ੍ਰਬਤ ਸੰਗਤਾਂ ਅਗੇ ਜੋਦੜੀ ਹੈ ਕਿ ਦਰਸ਼ਨ ਦੇ ਕੇ ਦਾਸਾਂ ਨੂੰ ਨਿਵਾਜੋ । ਜਲੰਧਰ, ਗੁਰਦਾਸਪੁਰ, ਅੰਮ੍ਰਿਤਸਰ ਤੋਂ ਕੀਰਤਨੀ ਦਰਸ਼ਨ ਦੇਣਗੇ ।

—: ਪਰੋਗਰਾਮ :—

ਅਰੰਭ ਸ੍ਰੀ ਅਖੰਡ ਪਾਠ 17 ਅਕਤੂਬਰ 1969 ਸ਼ੁਕਰਵਾਰ, ਭੋਗ ਸ੍ਰੀ ਅਖੰਡ ਪਾਠ 19 ਅਕਤੂਬਰ 1969 ਐਤਵਾਰ ਉਪ੍ਰੰਤ ਸ਼ਾਮ ਨੂੰ ਕੀਰਤਨ ਰੈਣ ਸਬਾਈ ਤੇ 20 ਅਕਤੂਬਰ ਸੋਮਵਾਰ ਸਮਾਪਤੀ ।

ਨੋਟ:—ਦਸੂਹਾ, ਜਲੰਧਰ-ਪਠਾਨਕੋਟ ਵਾਲੀ ਸੜਕ ਤੇ ਸਥਿਤ ਹੈ ।

ਪੁਛ ਗਿੱਛ ਲਈ—ਪ੍ਰੀਤਮ ਸਿੰਘ, ਰਨਵੀਰ ਸਿੰਘ, ਦਸਮੇਸ਼ ਇੰਜਨੀਅਰਿੰਗ ਵਰਕਸ, ਦਸੂਹਾ (ਹੁਸ਼ਿਆਰਪੁਰ)


www.AKJ.org

# ਬ...ਖ਼...ਸ਼ਿ...ਸ਼

(ਵਲੋਂ—ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ)

ਵੈਸੇ ਤਾਂ ਜੇ ਮਨੁਖ ਉਸ ਦਾਤੇ ਦੀ ਬਖ਼ਸ਼ਿਸ਼ ਦੇ ਬਾਰੇ ਵਰਨਣ ਕਰਨਾ ਸ਼ੁਰੂ ਕਰੇ ਤਾਂ ਉਹ ਜਿਨਾ ਕੁਝ ਵੀ ਜਾਨਦਾ ਹੋਵੇਗਾ ਉਹ ਹੀ ਕਹੇਗਾ ਪਰ ਜਪਜੀ ਸਾਹਿਬ ਦੇ ਅਨੁਸਾਰ 'ਏਵਡੁ ਊਚਾ ਹੋਵੈ ਕੋਇ। ਤਿਸੁ ਊਚੇ ਕੋ ਜਾਣੈ ਸੋਇ।' ਉਸ ਦਾਤੇ ਨੂੰ ਜਾਨਣਾ ਮਨੁਖ ਦੇ ਸੀਮਤ ਦਿਮਾਗ ਦੇ ਵਸ ਦਾ ਰੋਗ ਨਹੀਂ। ਪਰ 'ਆਪ ਅਪਨੀ ਬੁਧ ਹੈ ਜੇਤੀ। ਬਰਨਤ ਭਿੰਨ ਭਿੰਨ ਤੋਹਿ ਤੇਤੀ।' ਦੇ ਮੁਤਾਬਕ ਹਰੇਕ ਨੇ ਕੁਝ ਨੂੰ ਪਿਆਰ ਨਾਲ ਕੁਝ ਕੁ ਕਹਿਨ ਦਾ ਜਤਨ ਜ਼ਰੂਰ ਕੀਤਾ ਹੈ। ਇਹ ਗਿਆਨ ਮਨੁਖ ਨੂੰ ਗੁਰਕ੍ਰਿਪਾ ਦਵਾਰਾ ਮਿਲਦਾ ਅਤੇ ਮਨੁਖ ਇਸ ਗਿਆਨ ਦੇ ਖੰਭਾਂ ਤੇ ਉਡਾਰੀ ਮਾਰਦਾ ਹੈ। ਸ਼ੁਰੂ ਤੋਂ ਹੀ ਲਵੋ। ਕੀ ਮਨੁਖ ਦਾ ਇਸ ਜਨਮ ਨੂੰ ਪਾਉਣਾ ਉਸ ਲਈ ਸਭ ਤੋਂ ਉਚੀ ਬਖਸ਼ਿਸ਼ ਨਹੀਂ ਹੈ? ਫੇਰ ਉਸ ਦੇ ਸਰੀਰ ਦੇ ਸੋਹਣੇ ਸੋਹਣੇ ਅੰਗ ਕੀ ਘਟ ਬਖਸ਼ਿਸ਼ ਹਨ। ਉਸਤੋਂ ਉਪ੍ਰੰਤ ਪ੍ਰਕ੍ਰਿਤੀ ਦੀਆਂ ਸਾਰੀਆਂ ਚੀਜ਼ਾਂ ਮਨੁਖ ਵਾਸਤੇ ਹੀ ਪੈਦਾ ਕੀਤੀਆਂ ਹਨ। ਫੇਰ ਮਨੁਖ ਨੂੰ ਦਾਤੇ ਨੇ ਆਪਣੀ ਕਾਇਨਾਤ ਵਿਚ ਸਭ ਤੋਂ ਉਚਾ ਦਰਜਾ ਦਿਤਾ ਤੇ 'ਅਸ਼ੁਰਫ਼ਉਲ ਮਖਲੂਕਾਤ' ਕਰਕੇ ਕਿਹਾ। ਹੋਰ ਅਗੇ ਚਲੋ ਤੇ ਗਿਨਦੇ ਜਾਉ, ਪਤਾ ਲਗੇਗਾ ਕਿ ਉਸ ਦੀਆਂ ਬਖ਼ਸ਼ਿਸ਼ਾਂ ਦਾ ਕੋਈ ਅੰਤ ਹਿਸਾਬ ਨਹੀਂ ਗਵਾਹੀ ਵਜੋਂ ਕਬੀਰ ਜੀ ਕਹਿੰਦੇ ਹਨ।

ਕਬੀਰਾ ਸਾਤ ਸਮੁੰਦ੍ਰ ਮਸ ਕਰੌ ਕਲਮ ਕਰੌ ਬਨਰਾਏ॥
ਬਸੁਧਾ ਕਾਗਜ਼ ਜਉ ਕਹੋ ਹਰਿ ਜਸ ਲਿਖਨ ਨ ਜਾਏ॥

ਉਸ ਦਾ ਜਸ ਯਾ ਬਖਸ਼ਿਸ਼ ਲਿਖਣ ਵਿਚ ਨਹੀਂ ਆਉਂਦੀ ਪਰ ਕੁਝ ਐਸੇ ਮੌਕੇ ਹੁੰਦੇ ਹਨ ਜਦੋਂ ਕਿ ਮਨੁਖ ਨੂੰ ਪਤਾ ਹੀ ਨਹੀਂ ਲਗਦਾ, ਕਿ ਉਸ ਉਤੇ ਉਸ ਦਾਤੇ ਦੀ ਬਖ਼ਸ਼ਿਸ਼ ਹੋ ਰਹੀ ਹੈ ਤੇ ਉਹ ਅਭਾਗਾ ਖਾਲੀ ਹੀ ਰਹਿ ਜਾਂਦਾ ਹੈ। ਉਸ ਗੰਜੇ ਆਦਮੀ ਦੇ ਸਮਾਨ ਜੇਹੜਾ ਕਿ ਇਕ ਚੂਨੇ-ਗਚ ਕਿਲੇ ਦੇ ਅੰਦਰ ਡਕਿਆ ਹੋਇਆ ਇਸ ਆਸ ਤੇ ਕਿ ਕਿਲੇ ਦੀ ਦੀਵਾਰ ਨਾਲ ਬਟਨ ਆਉਣ ਤੇ ਉਸਨੂੰ ਦਬਾਉਣ ਤੇ ਉਸ ਲਈ ਉਸ ਕਿਲੇ ਦਾ ਦਰਵਾਜ਼ਾ ਖੁਲ੍ਹੇਗਾ। ਪਰ ਠੀਕ ਬਟਨ ਦਾ ਸਮਾਂ ਆਉਣ ਤੇ ਉਹ ਅਭਾਗਾ ਕਿਲੇ ਦੀ ਦੀਵਾਰ ਤੋਂ ਹਥ ਹਟਾ ਕੇ ਸਿਰ ਖੁਰਕਨ ਲਗ ਪੈਂਦਾ ਹੈ ਤੇ ਫੇਰ ਉਸ ਲੰਮੇ ਚਕਰ ਵਿਚ ਪੈ ਜਾਂਦਾ ਹੈ ਤੇ ਅੰਤ ਵਿਚ ਹਰ ਵਾਰ ਇਸੇ ਤਰ੍ਹਾਂ ਬਟਨ ਦਬਾਉਣ ਦਾ ਸਮਾਂ ਗਵਾ ਕੇ ਭਟਕਦਾ ਭਟਕਦਾ ਮਰ ਹੀ ਜਾਂਦਾ


www.AKJ.Org

ਹੈ ਤੇ ਮਰਦੇ ਸਮੇਂ ਤਕ ਉਸਨੂੰ ਇਹ ਹੀ ਯਕੀਨ ਰਹਿੰਦਾ ਹੈ ਇਸ ਕਿਲੇ ਦਾ ਦਰਵਾਜ਼ਾ ਕੋਈ ਹੈ ਹੀ ਨਹੀਂ।

ਜ਼ਾਹਰਾ ਤੌਰ ਤੇ ਤਾਂ ਅਸੀਂ ਮਾਲੂਮ ਕਰ ਲੈਂਦੇ ਹਾਂ ਦੇਖਕੇ ਯਾ ਹੋਰ ਸੁਣ ਬੁਝਕੇ ਪਰ ਅਪਣੇ ਆਪ ਕੁਝ ਕਚੀਆਂ ਬਿਰਤੀਆਂ ਵਾਲਿਆਂ ਨੂੰ ਇਹ ਬਖਸ਼ਿਸ਼ ਦਾ ਸਮਾਂ ਘਟ ਹੀ ਪਤਾ ਲਗਦਾ ਹੈ।

ਦਿਬ ਦ੍ਰਿਸ਼ਟੀ ਵਾਲੇ ਮਨੁਖ ਇਹ ਦਸਦੇ ਹਨ ਕਿ ਮਨੁਖ ਤੇ ਹਰ ਸਮੇਂ, ਹਰ ਘੜੀ ਉਸ ਦਾਤੇ ਦੀ ਬਖਸ਼ਿਸ਼ ਬਰਸ ਰਹੀ ਹੁੰਦੀ ਹੈ। ਉਹ ਦਾਤਾ ਅਪਣੀ ਕਾਇਨਾਤ ਦੇ ਹਰੇਕ ਜੀਵ ਨੂੰ ਮਾਤਾ ਸਮਾਨ ਪਾਲਦਾ ਹੈ। ਹਰ ਵਕਤ ਉਸ ਲਈ ਭਾਵੇਂ ਉਹ ਕਿਸੇ ਪ੍ਰਕਾਰ ਦੇ ਕਰਮ ਕਰੇ ਅਪਣੀ ਬਖਸ਼ਿਸ਼ ਦਾ ਦਰਵਾਜ਼ਾ ਖੁਲਾ ਹੀ ਰਖਦਾ ਹੈ 'ਰੋਜ਼ ਹੀ ਰਾਜੁ ਬਿਲੋਕਤ ਰਾਜ਼ਿਕ, ਰੋਖ ਰੁਹਾਨ ਕੀ ਰੋਜ਼ੀ ਨ ਟਾਰੈ' ਦੇ ਮੁਤਾਬਕ ਉਹ ਸਦਾ ਦਿਆਲੂ ਹੈ।

ਕਈ ਮਨੁਖਾਂ ਦਾ ਹਾਲਾਤ-ਚਕਰ ਜਦੋਂ ਉਨ੍ਹਾਂ ਦੀ ਮਰਜ਼ੀ ਦੇ ਉਲਟ ਚਲਦਾ ਹੈ ਉਹ ਮਨੁਖ ਇਹ ਕਹਿੰਦੇ ਹਨ ਕਿ ਸਾਡੇ ਤੇ ਰਬ ਨੇ ਬੜਾ ਜ਼ੁਲਮ ਕੀਤਾ ਹੈ। ਐਸੇ ਮਨੁਖ ਗਲਤ ਹਨ। ਵਾਹਿਗੁਰੂ ਤਾਂ ਨਿਰਵੈਰ ਹੈ। ਅਸਲ ਵਿਚ ਉਹ ਅਪਣੇ ਕਰਮਾਂ ਦਾ ਫਲ ਲੈ ਰਹੇ ਹੁੰਦੇ ਹਨ। ਉਹ ਇਹ ਨਹੀਂ ਜਾਨਦੇ ਕਿ ਕਰਮ ਗਤਿ ਤੇ ਉਸਦਾ ਫਲਦਾ ਚਕਰ ਭਗਵਾਨ ਦੀ ਤਰਫੋਂ ਕਿਸ ਪ੍ਰਕਾਰ ਚਲਦਾ ਹੈ। ਉਹ ਮੰਦੇ ਕਰਮ ਕਰਨ ਵੇਲੇ ਤਾਂ ਇਹ ਨਹੀਂ ਸੋਚਦੇ ਕਿ ਇਨ੍ਹਾਂ ਦਾ ਫਲ ਵੀ ਇਹੋ ਜੇਹਾ ਹੀ ਹੋਵੇਗਾ। ਗੁਰਮਤਿ ਦੇ ਦਾਇਰੇ ਤੋਂ ਬਾਹਲੀਆਂ ਗਲਾਂ ਹੀ ਚੰਗੀਆਂ ਮੰਨ ਕੇ, ਫੇਰ ਉਹਨਾਂ ਤੇ ਚਲਕੇ ਆਪਣੇ ਆਪ ਨੂੰ ਆਪ ਹੀ ਮਕੜੀ ਦੀ ਤਰ੍ਹਾਂ ਦੁਖਾਂ ਤੇ ਭੁਲੇਖਿਆਂ ਦੇ ਜਾਲ ਵਿਚ ਫਸਾ ਲੈਂਦੇ ਹਨ।

ਕਈ ਮਨੁਖ ਇਹ ਵੀ ਸੋਚਦੇ ਹਨ ਕਿ ਉਸ ਦਾਤੇ ਦਾ ਹੁਕਮ ਹੋਵੇਗਾ ਉਦੋਂ ਹੀ ਅਮੁਕ ਅਮੁਕ ਕੰਮ ਹੋਵੇਗਾ। ਠੀਕ ਹੈ ਉਸਦਾ ਹੁਕਮ ਤੇ ਜ਼ਰੂਰ ਹੋਵੇਗਾ ਤਾਂ ਹੀ ਉਹ ਕੰਮ ਹੋਣਗੇ ਪਰ ਨਾਲ ਹੀ ਨਾਲ ਮਨੁਖ ਆਪਣੀ ਹਿੰਮਤ, ਇਰਾਦਾ ਤੇ ਉਪਰਾਲਾ ਵੀ ਹਰਕਤ ਵਿਚ ਆਉਣਾ ਜ਼ਰੂਰੀ ਹੈ। ਗੁਰੂ ਉਸਨੂੰ ਗਲਵਕੜੀ ਪਾ ਕੇ ਮਿਲਦਾ ਹੈ ਜੋ ਉਸਦੇ ਰਾਹ ਤੇ ਚਲ ਪਵੇ। ਸੋ ਆਤਮ-ਕਿਰਪਾ ਦੇ ਮਗਰੋਂ ਹੀ ਕੁਦਰਤ ਦੀਆਂ ਸਾਰੀਆਂ ਤਾਕਤਾਂ ਹਰਕਤ ਵਿਚ ਆ ਕੇ ਮਨੁਖ ਤੇ ਰਹਿਮਤ (ਬਸ਼ਸ਼ਿਸ਼) ਦਾ ਮੀਂਹ ਵਰਸਾਉਂਦੀਆਂ ਹਨ। "ਬਖਸ਼ਿਸ਼ ਦਾ ਦਰ ਉਸ ਤੇ ਖੁਲ੍ਹਦਾ ਹੈ ਜੋ ਦਰਵਾਜ਼ਾ ਖਟਖਟਾਏ"। ਸੁਸਤ ਤੇ ਆਲਸੀ ਆਦਮੀ ਜੇਹੜੇ ਆਪਣੀ ਹਿੰਮਤ ਨੂੰ ਛਡ ਕੇ ਬਖਸ਼ਸ਼ ਦੀ ਆਸ ਕਰਦੇ ਹਨ ਉਹ ਭੁਲੇਖੇ 'ਚ ਹਨ। ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਫੇਰ ਗੁਰੂ ਜੀ ਦੇ ਫੁਰਮਾਣ 'ਇਕ ਜਾਗੰਦੇ ਨਾ ਲਹਿਨ ਇਕ ਨਾ ਸੁਤਿਆ ਦੇ ਉਠਾਲ' ਦਾ ਕੀ ਮਤਲਬ ਹੋਇਆ। ਖਿਆਲ ਕਰਨਾ। ਕਦੀ ਕਦੀ ਉਹ ਦਾਤਾ ਜਦੋਂ ਤਰੁਠਦਾ ਹੈ, ਤਾਂ ਉਹ ਚੋਜੀ ਐਸੇ ਅਨਭੋਲ ਤੇ ਅਨਜਾਨ ਵਿਅਕਤੀਆਂ ਦੀਆਂ ਝੋਲੀਆਂ ਬਖਸ਼ਿਸ਼ ਨਾਲ ਭਰ ਦੇਂਦਾ ਹੈ ਕਿ ਦੇਖਣ ਵਾਲੇ ਹੈਰਾਨ ਰਹਿ ਜਾਂਦੇ ਹਨ। ਉਹਨਾਂ ਦੇ ਦਿਲ ਦੇ ਸ਼ੀਸ਼ੇ ਸਾਫ਼ ਹੁੰਦੇ ਹਨ ਉਹ ਭਾਵ ਦਾ ਭੁਖਾ ਹੈ ਅੰਦਰਲੀ ਭਾਵਨਾ ਸ਼ੁਧ ਤੇ ਬੇਲਾਗ ਹੋਣ ਕਰਕੇ ਐਸੇ ਮਨੁਖਾਂ ਤੇ ਬਖਸ਼ਿਸ਼ ਹੁੰਦੀ ਹੈ ਪਰ ਐਸੇ ਮਨੁਖ ਹਜ਼ਾਰਾਂ ਤੇ ਲੱਖਾਂ ਵਿਚੋਂ ਕੋਈ ਕੋਈ ਹੁੰਦੇ ਹਨ। ਅਸਾਂ ਇਹ ਦੇਖਣਾ ਹੈ ਕਿ


www.AKJ.Org

ਜਿਥੇ ਅਸੀਂ ਉਸ ਦੀ ਬਖਸ਼ਿਸ਼ ਦੀ ਆਸ ਲਾਈ ਬੈਠੇ ਹਾਂ ਉਥੇ ਉਸਦੇ ਸਾਧਨ ਵੀ ਕਿਸੇ ਹਦ ਤਕ ਕਰਦੇ ਹਾਂ ਕਿ ਨਹੀਂ ? ਇਹ ਹੀ ਫਰਕ ਇਕ 'ਆਲਮ' ਤੇ "ਆਮਲ" ਵਿਚ ਹੁੰਦਾ ਹੈ। ਵਾਹਿਗੁਰੂ ਨੂੰ ਜਾਣਨਾ ਜ਼ਰੂਰੀ ਹੈ ਪਰ ਆਮਲ ਹੋਣਾ ਉਸਤੋਂ ਵੀ ਜ਼ਰੂਰੀ ਹੈ। ਵਾਹਿਗੁਰੂ ਨੂੰ ਜਾਨਣ ਵਾਲੇ ਤੋਂ ਵਾਹਿਗੁਰੂ ਤੋਂ ਡਰਨ ਵਾਲਾ ਅਗੇ ਹੁੰਦਾ ਹੈ।

ਉਸ ਦਾਤੇ ਦੀ ਬਖਸ਼ਿਸ਼ ਲੈਣ ਦੇ ਤ੍ਰੀਕੇ ਹਨ ਜਿਨਾਂ ਨਾਲ ਅਸੀਂ ਉਸਦੀ ਬਖਸ਼ਿਸ਼ ਦੇ ਹਕਦਾਰ ਬਨ ਸਕਦੇ ਹਾਂ।

ਬਖਸ਼ਿਸ਼ ਦੇ ਮੌਕੇ:—ਉਸਦੀ ਬਖਸ਼ਿਸ਼ ਦਾ ਅਰੰਭ ਉਦੋਂ ਹੁੰਦਾ ਹੈ ਜਦੋਂ ਮਨੁਖ ਨੂੰ ਰੱਬ ਪਾਸੇ ਦੀਆਂ ਗਲਾਂ ਚੰਗੀਆਂ ਲਗਣੀਆਂ ਸ਼ੁਰੂ ਹੋਣ ਤੇ ਮੰਦੇ ਕੰਮਾਂ ਤੋਂ ਮਨ ਉਪਰਾਮਤਾ ਵਿਚ ਆਵੇ। ਐਸੇ ਕੰਮ ਕਰਨ ਤੋਂ ਪਹਿਲਾਂ ਮਨੁਖ ਦੀ ਅੰਦਰ ਦੀ ਅਵਾਜ਼ ਉਸਨੂੰ ਲਾਹਨਤ ਤੇ ਫਿਟਕਾਰ ਪਾਉਣਾ ਸ਼ੁਰੂ ਕਰੇ। ਕੂੜੀਆਂ ਠੌਸਾਂ ਤੇ ਫ਼ਜ਼ੂਲ ਦੀ ਬਕ ਬਕ ਕਹਿਣ ਤੇ ਸੁਣਨ ਤੋਂ ਮਨ ਘਿਰਨਾ ਕਰਨ ਲਗੇ। ਹਉਮੈ ਕਰਨ ਤੋਂ ਪਹਿਲੋਂ ਹੀ ਅੰਦਰਲੀ ਅਵਾਜ਼ ਦਾ ਸੂਚਕ-ਮਨ ਤੀਬ੍ਰਤਾ ਨਾਲ ਹਉਮੈ ਵਾਲੇ ਮਨੁਖ ਨੂੰ ਰੁਕਾਵਟ ਪਾਵੇ। ਹਉਮੈ ਕਰਨ ਤੋਂ ਮਗਰੋਂ ਵੀ ਜੇ ਉਹ ਪਛਤਾਵਾ ਕਰ ਲਵੇ ਤੇ ਨਾਲ ਹੀ ਉਸਨੂੰ ਦੁਬਾਰਾ ਕਰਨ ਤੋਂ ਤੋਬਾ ਕਰੇ ਤਾਂ ਫ਼ਿਰ ਗੁਰਵਾਕ ਅਨੁਸਾਰ 'ਹਉਮੈ ਬੂਝੈ ਤਾ ਦਰ ਸੂਝੈ' ਉਸਨੂੰ ਸਚਾ ਰਸਤਾ ਮਿਲੇਗਾ। ਤਾਂ ਸਮਝੋ ਕਿ ਉਸ ਉਤੇ ਅਕਾਲ ਕ੍ਰਿਪਾ ਦਾ ਅਰੰਭ ਹੋ ਰਿਹਾ ਹੈ।

ਬਖਸ਼ਿਸ਼ ਦਾ ਇਹ ਵੀ ਮੌਕਾ ਹੈ ਜਦੋਂ ਕਿ ਮਨੁਖ ਨਿਸ਼ਕਾਮ ਹੋ ਕੇ ਕਿਸੇ ਮਦਦ ਦੇ ਹਕਦਾਰ ਦੀ ਮਦਦ ਕਰੇ। ਕਿਉਂ ਜੋ ਸਿਆਣਿਆਂ ਕਿਹਾ ਹੈ ਕਿ ਜੇ ਅਸੀਂ ਹਮਦਰਦੀ ਦੀ ਉਮੀਦ ਦੂਜਿਆਂ ਕੋਲੋਂ ਰਖੀਏ ਤਾਂ ਪਹਿਲੋਂ ਸਾਨੂੰ ਦੂਜਿਆਂ ਨਾਲ ਹਮਦਰਦੀ ਕਰਨਾ ਸਿਖਨਾ ਚਾਹੀਦਾ ਹੈ। ਸੋ ਜਿਸ ਵੇਲੇ ਮਨੁਖ ਦੀ ਆਤਮਾਂ ਦ੍ਰਵਨਾ ਸ਼ੁਰੂ ਕਰੇ ਉਸ ਸਮੇਂ ਰਬੀ ਬਖ਼ਸ਼ਿਸ਼ ਉਸ ਮਨੁਖ ਤੇ ਵਸਨੀ ਸ਼ੁਰੂ ਹੋ ਜਾਂਦੀ ਹੈ।

ਸਚਾਈ ਪਰਉਪਕਾਰ, ਤਿਆਗ, ਅਤੇ ਨਿਮ੍ਰਤਾ ਦੇ ਗੁਣਾਂ ਦਾ ਮਨੁਖ ਅੰਦਰ ਆਉਣਾ ਹੀ ਉਸ ਦਾਤੇ ਦੀ ਬਖਸ਼ਿਸ਼ ਦੇ ਆਉਣ ਦਾ ਸਬੂਤ ਹੈ।

ਜ਼ਰਾ ਥੋੜਾ ਗੁਰਮਤਿ ਵਲ ਹੋਰ ਵਧਕੇ ਸੋਚੀਏ ਗੁਰਬਾਣੀ ਸੁਣਕੇ ਅੰਦਰ ਹੀ ਅੰਦਰ ਇਕ ਖਿਚ, ਵੈਰਾਗ ਜੇਹਾ ਮਹਿਸੂਸ ਕਰਨਾ ਵੀ ਉਸਦੀ ਬਖ਼ਸ਼ਿਸ਼ ਦਾ ਸਬੂਤ ਹੈ। ਕਈ ਮਨੁਖ ਆਪਣੇ ਦਿਲ ਦੀ ਪਟੀ ਜ਼ਿਆਦਾ ਸਾਫ਼ ਰਖਣ ਕਰ ਕੇ ਗੁਰਬਾਣੀ ਦੇ ਅਣੀਆਲੇ ਤੀਰਾਂ ਨਾਲ ਛੇਤੀ ਮਨ-ਦ੍ਰਵਤਾ ਦੀ ਹਾਲਤ ਤੇ ਆ ਕੇ ਰੋਣਾ ਸ਼ੁਰੂ ਕਰ ਦੇਂਦੇ ਹਨ। ਰੋਣਾ ਦੋ ਕਿਸਮ ਦਾ ਹੁੰਦਾ ਹੈ। ਪਾਖੰਡ ਦੇ ਦਾਇਰੇ ਵਿਚ ਆ ਕੇ ਰੋਣਾ ਉਸ ਸੁਜਾਨ ਨੂੰ ਭਰਮਾ ਨਹੀਂ ਸਕਦਾ। ਇਹ ਦਿਖਲਾਵਾ ਹੈ। ਜੇ ਮਨ ਦੇ ਅੰਦਰਲੇ ਕੋਨੇ ਤੋਂ ਗੁਰਬਾਣੀ ਨਾਲ ਪ੍ਰਭਾਵਤ ਹੋ ਕੇ ਰੋਣਾ ਨਿਕਲੇ ਉਹ ਹੀ ਦਾਤੇ ਦੀ ਅਪਾਰ ਕ੍ਰਿਪਾ ਦਾ ਨਿਸ਼ਾਨ ਹੈ।

ਕੁਝ ਕੁ ਸਮੇਂ ਐਸੇ ਹਨ ਜਿਨ੍ਹਾਂ ਨੂੰ ਅਸੀਂ ਪੂਰਨ ਆਪਾ-ਖੋਜ ਦੇ ਸਮੇਂ ਆਖਦੇ ਹਾਂ ਇਹ ਉਚੀਆਂ ਬਿਰਤੀਆਂ ਵਾਲਿਆਂ ਤੇ ਆਉਂਦੇ ਹਨ ਪਰ ਕਦੀ ਕਦੀ ਐਸੇ ਸਮੇਂ ਮਧਯਮ ਬ੍ਰਿਤੀ ਵਾਲਿਆਂ ਤੇ ਵੀ ਆਉਂਦੇ ਹਨ। ਇਹ ਸਮੇਂ ਖਾਣ ਪੀਣ ਵੇਲੇ ਸਵਾਦ ਦੀ ਪਹਿਚਾਨ ਦੇ ਬਾਰੇ ਹੁੰਦੇ ਹਨ। ਇਸ ਸਮੇਂ ਖਾਣ ਵਾਲੇ ਨੂੰ ਸਵਾਦ ਦਾ ਕੁਝ ਵੀ ਗਿਆਨ


www.AKJ.Org

ਨਹੀਂ ਹੁੰਦੇ, ਅਤੇ ਪੂਰਨ ਰੂਪ ਤੇ ਉਸਨੂੰ ਸਵਾਦੀ ਤੇ ਬੇਸਵਾਦੀ ਚੀਜ਼ ਵਿਚ ਕੋਈ ਫਰਕ ਨਹੀਂ ਪਤਾ ਲਗਦਾ। ਜੈਸੇ ਕਿ ਕਈ ਸਾਧੂ ਸੁਭਾਅ ਮਨੁਖਾਂ ਦੇ ਖਾਨ ਪੀਣ ਦੇ ਵਿਵਹਾਰ ਤੋਂ ਪਤਾ ਲਗ ਜਾਂਦਾ ਹੈ। ਐਸੇ ਸਮੇਂ, ਚੀਜ਼ਾਂ ਦੀ ਜ਼ਰੂਰਤ ਤੇ ਗਰਮੀ ਸਰਦੀ ਦਾ ਅਸਰ ਅਨਭਵ ਕਰਨ ਵੇਲੇ ਅਤੇ ਬਿਰਤੀ ਦੇ ਸੂਖਸ਼ਮ ਵਿਵਹਾਰਾਂ ਦੇ ਸਮੇਂ ਵੀ ਹੁੰਦੇ ਹਨ। ਐਸੇ ਸਮਿਆਂ ਮਨੁਖ ਦੇ ਵਿਵਹਾਰ ਤੋਂ ਸਾਫ ਪਤਾ ਚਲ ਜਾਂਦਾ ਹੈ ਕਿ ਇਹ ਚੜ੍ਹਦੀ ਕਲਾ ਦਾ ਸਿਖ ਹੈ ਕਿ ਨਹੀਂ। ਤਾਂ ਫ਼ੇਰ ਹੀ ਕਿਹਾ ਜਾ ਸਕਦਾ ਹੈ ਕਿ ਚੜ੍ਹਦੀ ਕਲਾ ਹੋਣ ਕਰਕੇ ਇਸ ਤੇ ਭਾਰੀ ਬਖਸ਼ਿਸ਼ ਹੈ। ਵੈਸੇ ਤਾਂ ਮਨੁਖਾਂ ਦੇ ਵੈਸੇ ਵਿਵਹਾਰ ਹੀ ਉਸਦੀ ਬਖਸ਼ਿਸ਼ ਦਾ ਨਿਸ਼ਾਨ ਹਨ ਪਜ ਜ਼ਰਾ ਅਗ੍ਹਾਂ ਵਧਕੇ ਵੇਖੀਏ ਤਾਂ ਉਹਨਾਂ ਦੇ ਬੋਲ ਚਾਲ ਵਿਚ ਮਿਠਾਸ ਹੋਣਾ ਵੀ ਉਨ੍ਹਾਂ ਤੇ ਇਕ ਭਾਰੀ ਬਖ਼ਸ਼ਿਸ਼ ਹੈ।

ਬਹੁਤੇ ਮਨੁਖ ਬਹੁਤ ਦੇਰ ਤਕ ਚੰਗੇ ਤੇ ਬੁਰੇ ਮਨੁਖਾਂ ਦੀ (ਖਾਸ ਕਰਕੇ ਬੁਰਿਆਂ ਦੀ) ਟੀਕਾ ਟਿਪਨੀ ਕਰਦੇ ਰਹਿੰਦੇ ਹਨ ਤੇ ਇਸ ਆਦਤ ਨੂੰ ਬਹੁਤ ਪੱਕਾ ਜੱਫਾ ਮਾਰੀ ਬੈਠੇ ਰਹਿੰਦੇ ਹਨ। ਉਹ ਅਪਣੇ ਪੂਜਾ ਪਾਠ ਵੇਲੇ ਤਾਂ ਭਾਵੇਂ ਪੂਰੀ ਸਾਵਧਾਨੀ ਤੇ ਸ਼ਰਧਾ ਦਾ ਇਸਤੇਮਾਲ ਕਰਨ ਪਰ ਇਹ ਝਸ ਉਨ੍ਹਾਂ ਦਾ ਬਹੁਤ ਦੇਰ ਤਕ ਪਿਛਾ ਨਹੀਂ ਛਡਦਾ। ਐਸੇ ਮਨੁਖ ਗੁਰਮਤਿ ਦੇ ਦਾਇਰੇ ਵਿਚ ਆਕੇ ਵੀ ਚੋਣ ਵਾਲੇ ਪੀਪੇ ਵਾਙੂ ਅਪਣੀ ਸ਼ੁਧ ਕਮਾਈ ਦੇ ਅਸਰ ਨੂੰ ਟੀਕਾ ਟਿਪਨੀ ਦੀ ਆਦਤ ਕਰਕੇ ਘਾਟੇ ਵਿਚ ਹੀ ਰਖਦੇ ਹਨ। ਇਹ ਘਾਟਾ ਉਹ ਆਪ ਅਨਭਵ ਨਹੀਂ ਕਰਦੇ। ਆਮ ਤੌਰ ਤੇ ਇਹ ਕਹਿ ਕੇ ਗਲ ਸ਼ੁਰੂ ਕਰਦੇ ਹਨ ਕਿ ਨਿੰਦਾ ਤੇ ਕਿਸੇ ਦੀ ਨਹੀਂ ਕਰਣੀ ਚਾਹੀਦੀ, ਅਸਾਂ ਵੀ ਰਬ ਨੂੰ ਜਾਨ ਦੇਣੀ ਏਂ, ਪਰ......ਨਾਲੇ ਤੇ ਉਹ ਨਿੰਦਾ ਕਰਨਾ ਬੁਰਾ ਵੀ ਸਮਝਦੇ ਹਨ ਤੇ ਨਾਲੇ ਨਿੰਦਾ ਕਰਦੇ ਵੀ ਜਾਂਦੇ ਹਨ। ਐਸੇ ਮਨੁਖ ਦਾਤੇ ਦੀ ਬਖਸ਼ਿਸ਼ ਦੀ ਵਡੀ ਉਮੀਦ ਰਖਦਿਆਂ ਹੋਇਆਂ ਵੀ ਬਖਸ਼ਿਸ਼ ਦੀ ਠੀਕ ਪ੍ਰਾਪਤੀ ਤੋਂ ਦੂਰ ਹੀ ਰਹਿੰਦੇ ਹਨ। ਪਰ ਉਨਾਂ ਲਈ ਕੋਈ ਸਮਾਂ ਅਜੇਹਾ ਜ਼ਰੂਰ ਆ ਜਾਂਦਾ ਹੈ ਜਦੋਂ ਕਿ ਉਹ ਇਕ ਦਮ (ਗੁਰੂ ਦੀ ਬਖਸ਼ਿਸ਼ ਦਵਾਰਾ) ਇਸ ਆਦਤ ਵਿਚੋਂ ਨਿਕਲ ਜਾਂਦੇ ਹਨ ਤੇ ਮਨ ਵਿਚ ਐਸੀ ਟੀਕਾ ਟਿਪਨੀ ਤੋਂ ਉਪਰਾਮਤਾ ਮਹਸੂਸ ਕਰਨ ਲਗਦੇ ਹਨ ਇਹ ਹੈ ਬਖਸ਼ਿਸ਼ ਦਾ ਠੀਕ ਸਮਾਂ। ਇਸ ਵੇਲੇ ਉਨ੍ਹਾਂ ਨੂੰ ਸ਼ੁਕਰਾਨੇ ਵਜੋਂ ਖੰਡਾ ਖੜਕਾਉਣਾ ਚਾਹੀਦਾ ਹੈ ਭਾਵ ਗੁਰਮੰਤਰ ਦਾ ਹੜ੍ਹ ਚਲਾਉਣਾ ਚਾਹੀਦਾ ਹੈ ਜਿਸ ਵਿਚ ਐਸੇ ਭੈੜੇ ਵਿਚਾਰ ਰੁੜ੍ਹ ਜਾਨ ਤੇ ਮਨ ਨਿਰਮਲ ਹੋ ਜਾਵੇ।

ਗੁਰਬਾਣੀ ਦਵਾਰਾ ਸਿਖਿਆ ਸੁਣਕੇ ਉਸਦੇ ਚਲਨ ਦਾ ਚਾਅ ਮਹਸੂਸ ਕਰਨਾ ਤੇ ਫੇਰ ਉਸ ਚਾਅ ਨੂੰ ਸ਼ੀਘਰ ਪੂਰਾ ਕਰਨ ਦਾ ਉਪਰਾਲਾ ਕਰਨ ਲਈ ਤਤਪਰ ਰਹਿਣਾ ਹੀ ਸਿਖ ਤੇ ਗੁਰੂ ਦੀ ਅਪਾਰ ਬਖਸ਼ਸ਼ ਦਾ ਪ੍ਰਮਾਨ ਹੈ। ਗੁਰਬਾਣੀ ਨਾਲ ਪਿਆਰ, ਉਸਦਾ ਆਦਰ ਤੇ ਸਤਿਕਾਰ ਤੇ ਯਾਦ ਕਰਨ ਦਾ ਚਾਅ, ਇਹ ਸਭ ਦਾਤੇ ਦੀ ਬਖ਼ਸ਼ਿਸ਼ ਦੇ ਸਬੂਤ ਹਨ। ਗੁਰਸਿਖਾਂ ਦੀ ਸੇਵਾ ਦਾ ਚਾਅ ਗੁਰਸਿਖਾਂ ਨਾਲ ਮੇਲ ਮਿਲਾਪ ਗੁਰਮਤਿ ਪ੍ਰਾਪਤੀ ਲਈ ਰਖਨਾ, ਗੁਰਪੁਰਬ ਦੀ ਮਹੱਤਤਾ ਸਮਝਨਾ ਅਪਣੇ ਵਿਵਹਾਰ ਵਿਚ ਗੁਰਮਤਿ ਦਾ ਆਸਰਾ ਢੂੰਡਣਾ, ਇਹ ਸਭ ਐਸੀਆਂ ਨਿਸ਼ਾਨੀਆਂ ਹਨ ਜੇਹੜੀਆਂ ਕਿ ਉਸ ਦਾਤੇ ਦੀ ਬਖ਼ਸ਼ਸ਼ ਹੋਈ ਹੋਈ ਦਸਦੀਆਂ ਹਨ। ਸਾਧ ਸੰਗਤ*


www.AKJ.org

# ਗੁਰੂ ਨਾਨਕ ਸਾਹਿਬ ਜੀ ਦੀ ਤ੍ਰਿਤੀਆ ਯਾਤਰਾ

(ਵਲੋਂ—ਭਾਈ ਸੋਹਨ ਲਾਲ ਸਿੰਘ ਜੀ ਬਨਾਰਸ)

ਇਤਿਹਾਸ ਪੜ੍ਹਨ ਵਾਲੇ ਸਜਨ ਜਾਨਦੇ ਹੋਣਗੇ ਕਿ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਇਸ ਜਲਦੀ ਹੋਈ ਪ੍ਰਿਥਵੀ ਨੂੰ ਤਾਰਨ ਵਾਸਤੇ ਕਈ ਦੂਰ ਦੂਰ ਦੇਸ਼ ਦੇਸ਼ਾਤਰਾਂ ਦਾ ਰਟਨ ਕੀਤਾ। ਉਸ ਜ਼ਮਾਨੇ ਵਿਚ ਜਦੋਂ ਨਾ ਰੇਲ ਗਡੀਆਂ, ਨਾ ਮੋਟਰਾਂ, ਨਾ ਹਵਾਈ ਜਹਾਜ਼, ਨਾ ਅਗਨ ਬੋਟ, ਅਤੇ ਨਾ ਕੋਈ ਹੋਰ ਯਾਤ੍ਰਾ ਕਰਨ ਦੇ ਸਾਧਨ ਸੀ। ਉਸ ਵਕਤ ਸਵਾਏ ਪੈਦਲ ਚਲਨ ਦੇ ਹੋਰ ਕੋਈ ਵਸੀਲਾ ਨਹੀਂ ਸੀ। ਇਸ ਵਕਤ ਦਾ ਸਾਇੰਸਦਾਨ ਕੀ ਅਨੁਮਾਨ ਲਗਾ ਸਕਦਾ ਹੈ, ਕਿ ਗੁਰੂ ਸਾਹਿਬ ਨੇ ਕਿਸ ਤਰ੍ਹਾਂ ਐਡੇ ਔਖੇ ਸਫਰ ਕੀਤੇ ਹੋਣਗੇ। ਫਿਰ ਬੜੀ ਹੈਰਾਨੀ ਦੀ ਗੱਲ ਇਹ ਹੈ ਕਿ ਭਾਵੇਂ ਕਿਡੀ ਦੂਰ ਪਹਾੜਾਂ ਵਿਚ ਯਾ ਸਮੁੰਦਰੋਂ ਪਾਰ ਪਹੁੰਚੇ ਹੋਏ ਹੁੰਦੇ ਜਦ ਵੀ ਉਹਨਾਂ ਦੀ ਭੈਣ ਨਾਨਕੀ ਜੀ ਨੇ ਉਹਨਾਂ ਨੂੰ ਯਾਦ ਕੀਤਾ ਇਕ ਦਮ ਮੁਹਾਰਾਂ ਮੋੜੀਆਂ ਅਤੇ ਸੁਲਤਾਨਪੁਰ ਪੁਜੇ। ਨਾ ਇਹ ਪਤਾ ਲਗ ਸਕਿਆ ਕਿ ਉਨ੍ਹਾਂ ਨੂੰ ਆਪਣੀ ਭੈਣ ਦੀ ਵਾਇਟਲੈਸ ਕਿਸ ਤਰ੍ਹਾਂ ਪਹੁੰਚੀ ਅਤੇ ਉਹ ਕਿਸ ਤਰ੍ਹਾਂ ਇਤਨੀ ਜਲਦੀ ਵਾਪਸ ਸੁਲਤਾਨਪੁਰ ਪਹੁੰਚੇ ਗਏ, ਇਹ ਸਾਡੀ ਸਮਝ ਤੋਂ ਬਾਹਰ ਹੈ ਜੇ ਕੋਈ ਸਾਇੰਸਦਾਨ ਸਜਨ ਦਸ ਸਕੇ ਤਾਂ ਸਾਨੂੰ ਬੜੀ ਖੁਸ਼ੀ ਹੋਵੇਗੀ।

ਗੁਰੂ ਸਾਹਿਬ ਦੀ ਤ੍ਰਿਤੀਆ (ਤੀਸਰੀ) ਯਾਤਰਾ ਪਹਾੜੀ ਇਲਾਕਿਆਂ ਦੀ ਸੀ। ਉਸ ਯਾਤਰਾ ਦਾ ਸੰਖੇਪ ਬਿਰਤਾਂਤ ਲਿਖਨ ਦਾ ਵਿਚਾਰ ਹੈ ਜੈਸਾ ਕਿ ਦਾਸ ਨੂੰ ਇਕ ਬੜੇ ਵਿਦਵਾਨ ਨਿਰਮਲੇ ਸਾਧੂ ਇਤਿਹਾਸਕਾਰ ਗੋਬਿੰਦ ਸਿੰਘ ਨਾਮੇ ਦੀ ਇਕ ਬਹੁਤ ਪੁਰਾਣੀ ਹਿੰਦੀ ਵਿਚ ਲਿਖੀ ਪੁਸਤਕ ਤੋਂ ਮਿਲਿਆ ਹੈ ਦਾਸ ਨੂੰ ਹਿੰਦੀ ਨਹੀਂ ਸੀ ਆਉਂਦੀ ਪਰ ਇਹ ਇਤਿਹਾਸ ਸੁਣ ਕੇ ਚਾਉ ਪੈਦਾ ਹੋਇਆ ਅਤੇ ਥੋੜੇ ਦਿਨਾਂ ਵਿਚ ਹੀ ਹਿੰਦੀ ਦੀ ਗਿਆਤ ਹਾਸਲ

---

*ਵਿਚ ਬੈਠਿਆਂ ਹੋਇਆਂ ਜੇ ਮਨ ਬਾਹਰ ਦੌੜੇ ਤਾਂ ਉਸਨੂੰ ਸਮਝਾਉ ਕਿ ਇਸ ਤੋਂ ਵਡੀ ਕੇਹੜੀ ਥਾਂ ਤੇ ਤੂੰ ਜਾਕੇ ਸ਼ਾਂਤ ਹੋਣਾ ਹੈ। ਜੇ ਮਨ ਫੇਰ ਵੀ ਨਾ ਮੰਨੇ ਤਾਂ ਉਸ ਅੜੀਅਲ ਘੋੜੇ ਨੂੰ ਜ਼ਬਰਦਸਤੀ ਕੁਝ ਚਿਰ ਬੈਠਨ ਦੀ ਆਦਤ ਪਾਉ। ਗੁਰੂ ਕਿਰਪਾ ਹਵੇਗੀ। ਉਸਦੀ ਬਖ਼ਸ਼ਿਸ਼ ਦਾ ਦਰ ਖੁਲੇਗਾ ਤੇ ਉਹੀ ਅੜੀਅਲ ਮਨ ਅਪਣੇ ਆਪ ਕਾਬੂ ਆ ਜਾਵੇਗਾ। ਅਸਾਂ ਇਸ ਨੂੰ ਪੁਚਕਾਰ ਤੇ ਜ਼ਬਰਦਸਤੀ ਵੀ ਵਰਤ ਕੇ ਸਿਧੇ ਰਸਤੇ ਤੇ ਲਾਉਣਾ ਹੈ ਇਸਦਾ ਸਿਧੇ ਰਸਤੇ ਤੇ ਲਗ ਪੈਣਾ ਹੀ ਦਾਤੇ ਦੀ ਸੱਭ ਤੋਂ ਵਡੀ ਬਖ਼ਸ਼ਿਸ਼ ਹੈ।

ਮੁਕਦੀ ਗੱਲ ਕੀ? ਇਸ ਬਖ਼ਸ਼ਿਸ਼ ਦੇ ਮੌਕਿਆਂ ਨੂੰ ਸਮਝਣ ਲਈ ਪਾਲਸ਼ ਹੋਈ ਬੁਧੀ ਦਾ ਹੋਣਾ ਜ਼ਰੂਰੀ ਹੈ ਜਿਸ ਵਾਸਤੇ ਖਾਲਸਾ ਜੀ ਅਰਦਾਸੇ ਵਿਚ ਵੀ ਦਾਤੇ ਅਗੇ ਬੇਨਤੀ ਕਰਦੇ ਹਾਂ।


www.AKJ.org

ਕਰਕੇ ਇਹ ਇਤਿਹਾਸ ਪੜ੍ਹਿਆ ਅਤੇ ਫਿਰ ਸਚੇ ਪਾਤਸ਼ਾਹ ਦੀ ਕਿਰਪਾ ਨਾਲ ਪਹਿਲੇ ਹਿੰਦੀ ਸ਼ਬਦਾਂ ਵਿਚ ਹੀ ਪੰਜਾਬੀ ਉਲਥਾ ਕੀਤਾ ਅਤੇ ਫਿਰ ਠੇਠ ਪੰਜਾਬੀ ਵਿਚ 'ਸੂਰਾ' ਰਾਹੀਂ ਆਪ ਜੀ ਦੀ ਭੇਟਾ ਕਰ ਰਿਹਾ ਹਾਂ ।

ਇਹ ਪੜ੍ਹ ਕੇ ਆਪ ਨੂੰ ਹੈਰਾਨੀ ਹੋਵੇਗੀ ਕਿ ਕਿਸ ਤਰਾਂ ਜਫਰ ਜਾਲ ਕੇ ਸਚੇ ਪਾਤਸ਼ਾਹ ਐਸੇ ਥਾਵਾਂ ਤੇ ਪੁਜੇ ਜਦੋਂ ਕੇ ਪਹਾੜਾਂ ਵਿਚ ਐਸੇ ਰਾਹ ਖਹਿੜੇ ਵੀ ਨਹੀਂ ਸੀ ਜਿਸ ਤਰਾਂ ਹੁਣ ਬਣ ਗਏ ਹਨ । ਅਤੇ ਕਿਸ ਤਰੀਕੇ ਨਾਲ ਅਪਣੇ ਮਿਸ਼ਨ ਦਾ ਪ੍ਰਚਾਰ ਕੀਤਾ । ਉਨ੍ਹਾਂ ਦਾ ਪ੍ਰਚਾਰ ਸਭ ਵਾਸਤੇ ਸਾਂਝਾ ਸੀ । ਜਿਸ ਦੇਸ਼ ਵਿਚ ਜਾਂਦੇ ਉਥੋਂ ਦੀ ਬੋਲੀ ਵਿਚ ਹੀ ਅਪਣੀ ਬਾਣੀ ਉਚਾਰਨ ਕਰਦੇ ਅਤੇ ਗਾਇਨ ਕਰਕੇ ਸੁਨਾਂਦੇ । ਉਨ੍ਹਾਂ ਦਾ ਨਾਦ ਸੁਣਨ ਵਾਸਤੇ ਜੰਗਲ ਦੇ ਪਸ਼ੂ ਪੰਛੀ ਵੀ ਮੋਹਿਤ ਹੋ ਕੇ ਉਨ੍ਹਾਂ ਦੇ ਪਾਸ ਬੈਠ ਜਾਂਦੇ ਅਤੇ ਆਪ ਜੀ ਦੀ ਚੁੰਬਕ ਵਾਲੀ ਕਸ਼ਸ਼ ਨਾਲ ਖਿਚੇ ਜਾਂਦੇ । ਫਿਰ ਉਸ ਇਲਾਕੇ ਦੇ ਲੋਗ ਵੀ ਇਹ ਕੌਤਕ ਦੇਖਕੇ ਹੈਰਾਨ ਹੁੰਦੇ ਅਤੇ ਗੁਰੂ ਸਾਹਿਬ ਦਾ ਸ਼ਬਦ ਸੁਣ ਕੇ ਰਸ ਮਾਨਦੇ ।

ਉਹ ਇਤਿਹਾਸਕਾਰ ਲਿਖਦਾ ਹੈ ਕਿ ਸੰਮਤ ੧੫੭੦ ਬਿਕ੍ਰਮੀ ਵਿਚ ਗੁਰੂ ਸਾਹਿਬ ਕਰਤਾਰ ਪੁਰ ਤੋਂ ਚਲਕੇ ਸ਼ਹਿਰ ਨੂਰਪੁਰ, ਸੁਜਾਨਪੁਰ, ਕੋਟ-ਕਾਂਗੜਾ ਇਤਿ ਆਦਿ ਨਗਰਾਂ ਵਿਚ ਪ੍ਰਚਾਰ ਕਰਦੇ ਹੋਏ ਜਵਾਲਾ ਮੁਖੀ ਜਾ ਪਹੁੰਚੇ । ਮਰਦਾਨੇ ਨੇ ਲਾਟਾਂ ਨਿਕਲਦੀਆਂ ਦੇਖ ਕੇ ਗੁਰੂ ਸਾਹਿਬ ਪਾਸੋਂ ਪੁਛਿਆ ਕਿ ਇਹ ਕੀ ਚੀਜ਼ ਹੈ । ਗੁਰੂ ਸਾਹਿਬ ਨੇ ਦਸਿਆ ਹਿੰਦੂ ਲੋਗ ਇਸ ਜਗਾਹ ਨੂੰ ਮੰਨਦੇ ਹਨ ਅਤੇ ਇਹ ਕਹਿੰਦੇ ਹਨ ਕਿ ਦੇਵਤਿਆਂ ਦਾ ਅਤੇ ਦੈਂਤਾਂ ਦਾ ਯੁਧ ਹੋਇਆ ਸੀ ਜਿਸ ਵਿਚ ਦੇਵਤੇ ਹਾਰ ਗਏ ਸਨ ਉਨ੍ਹਾਂ ਨੇ ਮਿਲਕੇ ਪਰਮੇਸ਼ਰ ਦੀ ਆਦਿ ਸ਼ਕਤੀ ਦ ਸਿਮਰਣ ਕੀਤਾ ਤਾਂ ਉਸ ਸ਼ਕਤੀ ਨੇ ਉਥੋਂ ਪ੍ਰਗ ਹੋਕੇ ਦੇਵਤਿਆਂ ਦੀ ਰਖਿਆ ਕੀਤੀ ਪਰ ਵਾਸਤ ਵਿਚ ਇਹ ਲਾਟਾਂ ਭੂਮੀ ਦੀ ਸ਼ਕਤੀ ਤੋਂ ਨਿਕਲਦੀਅ ਹਨ ਅਤੇ ਇਹ ਪ੍ਰਮਾਤਮਾ ਦੀ ਵਚਿਤਰ ਰਚਨਾ ਦ ਇਕ ਉਦਾਹਰਣ ਹੈ ਅਤੇ ਐਸੀਆਂ ਲਾਟਾਂ ਭੂਮ ਦੀ ਅਨੇਕ ਥਾਵਾਂ ਤੋਂ ਨਿਕਲਦੀਆਂ ਹਨ ।

ਉਥੋਂ ਚਲਕੇ ਗੁਰੂ ਸਾਹਿਬ ਧਰਮ ਸਾਲਾ ਹੁੰਦੇ ਹੋਏ ਰਵਾਲਸਰ ਪਹੁੰਚੇ ਉਥੋਂ ਫਿਰ ਮਨੀ ਕਰਨ ਪਹੁੰਚੇ ਜਿਥੇ ਗਰਮ ਪਾਣੀ ਦੇ ਚਸ਼ਮੇ ਹਨ । ਉਥੋਂ ਦੇ ਪਾਂਡਿਆਂ ਨੂੰ ਆਪਣੇ ਸਦ ਉਪਦੇਸ਼ਾਂ ਨਾਲ ਪਵਿਤ੍ਰ ਕਰਦੇ ਹੋਏ ਸ਼ਹਿਰ ਨਾਦਾਨ ਸੁਕੇਤ, ਮੰਡੀ ਅਤੇ ਕੁਲੂ ਪ੍ਰਾਂਤ ਨੂੰ ਕਿਰਤਾਰਥ ਕਰਦੇ ਹੋਏ ਚੰਬਾ ਪ੍ਰਾਂਤ ਵਿਚ ਜਾ ਬਿਰਾਜੇ । ਉਥੇ ਸਭ ਲੋਕ ਸੀਤਲਾ ਦੇਵੀ ਦਾ ਪੂਜਨ ਕੀਤਾ ਕਰਦੇ ਸੀ । ਉਹਨਾਂ ਨੂੰ ਇਕ ਅਕਾਲ ਪੁਰਖ ਦੀ ਭਗਤੀ ਵਲ ਲਗਾ ਕੇ ਉਥੋਂ ਨਾਦੌਨ, ਬਿਲਾਸਪੁਰ, ਕਹਿਲੂਰ, ਇਤਆਦਿ ਸ਼ਹਿਰਾਂ ਨੂੰ ਤਾਰਦੇ ਹੋਏ ਕੀਰਤਪੁਰ ਜਾ ਪਹੁੰਚੇ ।

ਉਥੇ ਬੁਢਨ ਸ਼ਾਹ ਫਕੀਰ ਜੋ ਪ੍ਰਮੇਸ਼ੂਰ ਦੇ ਸਿਮਰਣ ਵਿਚ ਆਪਣਾ ਸਮਾਂ ਬਿਤਾ ਰਿਹਾ ਸੀ ਅਤੇ ਬਕਰੀਆਂ ਦਾ ਦੁਧ ਹੀ ਪੀਆ ਕਰਦਾ ਸੀ ਉਸਨੂੰ ਜਾ ਕੇ ਮਿਲੇ । ਬੁਢਨ ਸ਼ਾਹ ਫਕੀਰ ਗੁਰੂ ਸਾਹਿਬ ਦੇ ਮਿਲਾਪ ਤੇ ਬਹੁਤ ਹੀ ਪ੍ਰਸੰਨ ਹੋਇਆ ਅਤੇ ਆਪ ਜੀ ਦੀ ਭਗਤੀ ਤਥਾ ਗਿਆਨ ਦੇ ਉਪਦੇਸ਼ਾਂ ਨੂੰ ਸੁਣ ਕੇ ਨਿਹਾਲ ਹੋ ਗਿਆ । ਉਸੀ ਵਕਤ ਉਸ ਫਕੀਰ ਨੇ ਇਕ ਮਟਕੀ ਦੁਧ ਦੀ ਗੁਰੂ ਸਾਹਿਬ ਦੀ ਭੇਟ ਕਰਨ ਵਾਸਤੇ ਅਰਪਣ ਕੀਤੀ, ਪ੍ਰੰਤੂ

www.AKJ.Org

। ਗੁਰੂ ਜੀ ਨੇ ਉਸੀ ਕਾਲ ਵਿਚ ਉਸ ਨੂੰ ਵੀਕਾਰ ਨਹੀਂ ਕੀਤਾ ਅਤੇ ਫ਼ੁਰਮਾਇਆ ਕਿ ਇਸ ਧ ਨੂੰ ਸਾਡੀ ਇਮਾਨਤ ਜਾਨ ਕੇ ਆਪਣੇ ਪਾਸ ਖ ਛਡੋ। ਕਦੀ ਫਿਰ ਮਿਲਾਂਗੇ ਤਾਂ ਲਵਾਂਗੇ। ਵਨ ਸ਼ਾਹ ਫ਼ਕੀਰ ਨੇ ਉਸੇ ਵਕਤ ਉਸ ਦੁਧ ਦੀ ਟਕੀ ਨੂੰ ਇਮਾਨਤ ਜਾਨ ਕੇ ਇਕ ਉਤਮ ਸਥਲ ਵਚ ਭੂਮੀ ਵਿਚ ਦਬਾ ਕੇ ਰਖ ਛਡਿਆ।

ਉਥੋਂ ਚਲਕੇ ਫਿਰ ਗੁਰੂ ਸਾਹਿਬ ਮਹਾਂ ਸ਼ਿਵ ਸ਼ੀਲ ਅਤੇ ਹੋਰ ਇਤਿਆਦਿ ਪਰਬਤੀ ਪ੍ਰਾਂਤਾਂ ਨੂੰ ਨਰੀਖਸ਼ਣ ਕਰਦੇ ਹੋਏ ਵੈਸਾਖ ਸ਼ੁਕਲ ਦੁਤੀਯਾ ਦੇ ਦਨ ਪੰਜੌਰ ਵਿਚ ਜਿਥੇ ਮੇਲਾ ਭਰਦਾ ਹੈ ਉਸ ਮੇਲੇ ਵਿਚ ਪਹੁੰਚ ਕੇ ਅਨੇਕਾਂ ਲੋਕਾਂ ਨੂੰ ਆਪਣੇ ਸਦ ਉਪਦੇਸ਼ਾਂ ਨਾਲ ਕਿਰਤਾਰਥ ਕੀਤਾ। ਉਥੋਂ ਹੁੰਦੇ ਹੋਏ ਸ਼ਹਿਰ ਸਪਾਟੂ ਦੇ ਰਸਤੇ ਹੋ ਕੇ ਜੌਹੜ ਸਾਹਿਬ ਜਾ ਪਹੁੰਚੇ।

ਇਤਿਹਾਸਕਾਰ ਜਿਸ ਨੇ ਇਹ ਇਤਿਹਾਸ ਲਿਖਿਆ ਹੈ ਉਸ ਦਾ ਸ਼ੈਦ ਇਹ ਬਹੁਤ ਪੁਰਾਣਾ ਲਿਖਿਆ ਹੋਇਆ ਹੈ। ਉਹ ਲਿਖਦਾ ਹੈ ਕਿ ਜੌਹੜ ਸਾਹਿਬ ਵਿਚ ਇਕ ਬੜੀ ਭਾਰੀ ਇਮਾਰਤ ਗੁਰੂ ਸਾਹਿਬ ਦਾ ਆਗਮਨ ਸਮਾਰਕ ਬਣ ਰਹੀ ਹੈ ਅਤੇ ਅਨੇਕਾਂ ਸਾਧੂ ਸੰਤ ਉਥੇ ਸਦਾ ਨਿਵਾਸ ਕਰਦੇ ਹਨ ਅਤੇ ਹਰ ਸਾਲ ਜੇਠ ਦੇ ਮਹੀਨੇ ਵਿਚ ਉਥੇ ਇਕ ਬੜਾ ਭਾਰੀ ਮੇਲਾ ਲਗਦਾ ਹੈ। ਉਥੋਂ ਤਿੰਨ ਕੋਸ ਦੂਰ ਪਹਾੜ ਦੀ ਦਿਸ਼ਾ ਵਿਚ ਇਕ ਪਰਬਤ ਦੀ ਚੋਟੀ ਹੈ ਜੋ ਸਮੁੰਦਰ ਤੋਂ 1500 ਫ਼ੁਟ ਉਚੀ ਹੈ। ਸਚੇ ਪਾਤਸ਼ਾਹ ਉਥੇ ਜਾ ਬਿਰਾਜੇ। ਉਸ ਅਸਥਾਨ ਤੇ ਰਹਿਣ ਵਾਲੇ ਲੋਕਾਂ ਨੂੰ ਪਾਣੀ ਨਹੀਂ ਸੀ ਮਿਲਦਾ, ਪਾਣੀ ਦੀ ਅਤਿਅੰਤ ਤਰੁਟੀ ਰਹਿੰਦੀ ਸੀ। ਇਕ ਮਾਹੀ ਨਾਮੇ ਭਗਤ ਨੇ ਆ ਕੇ ਪ੍ਰਾਰਥਨਾ ਕੀਤੀ ਅਤੇ ਸ੍ਰੀ ਗੁਰੂ ਜੀ ਨੇ ਅਪਣੇ ਹਸਤ ਕਮਲਾਂ ਨਾਲ ਉਥੋਂ ਪੱਥਰ ਕਟ ਕੇ ਇਕ ਜਗ੍ਹਾ ਤੋਂ ਉਖਾੜਿਆ ਅਤੇ ਉਸੀ ਸਮੇਂ ਹੇਠੋਂ ਇਕ ਸੁੰਦਰ ਮਧੁਰ ਸਾਫ਼ ਨਿਰਮਲ ਜਲ ਦੀ ਕੂਲ ਜਾਰੀ ਹੋ ਗਈ। ਜਲ ਦੇਖ ਕੇ ਉਸ ਅਸਥਾਨ ਦੇ ਰਹਿਣ ਵਾਲੇ ਲੋਕ ਅਤਿਅੰਤ ਖੁਸ਼ ਹੋਏ ਅਤੇ ਸਭ ਲੋਕ ਉਹਨਾਂ ਨੂੰ ਅਪਣਾ ਗੁਰੂ ਤਥਾ ਪੀਰ ਮੰਨਣ ਲਗੇ। ਉਥੇ ਤਿੰਨ ਤਿੰਨ ਕੋਸ ਤਕ ਪਹਿਲੇ ਜਲ ਨਹੀਂ ਮਿਲਦਾ ਸੀ। ਹੁਣ ਜਦ ਚਸ਼ਮਾ ਨਿਕਲ ਆਇਆ ਤਾ ਸਚੇ ਪਾਤਸ਼ਾਹ ਨੇ ਉਸ ਚਸ਼ਮੇ ਦੇ ਚਾਰੇ ਪਾਸੇ ਸੁੰਦਰ ਪੱਥਰਾਂ ਦੀ ਦੀਵਾਰ ਬਣਾ ਕੇ ਤਲਾਬ ਦੀ ਸ਼ਕਲ ਵਿਚ ਉਹ ਅਸਥਾਨ ਨੀਯਤ ਕੀਤਾ ਅਤੇ ਉਸ ਦੀ ਖਬਰਦਾਰੀ ਉਸੀ ਮਾਹੀ ਭਗਤ ਦੇ ਸਪੁਰਦ ਕੀਤੀ। ਸਚੇ ਪਾਤਸ਼ਾਹ ਨੇ ਉਸ ਤਲਾਬ ਦਾ ਨਾਉਂ ਵੀ ਉਸੇ ਭਗਤ ਮਾਹੀ ਦੇ ਨਾਉਂ ਤੇ ਮਾਹੀ ਸਰ ਰਖਿਆ ਅਤੇ ਇਹੀ ਨਾਉਂ ਹੁਣ ਤਕ ਪਰਸਿਧ ਹੈ। ਉਸ ਵਕਤ ਤੋਂ ਉਸ ਪਹਾੜ ਦੇ ਲੋਕ ਸਵਾਇ ਸ੍ਰੀ ਗੁਰੂ ਨਾਨਕ ਸਾਹਿਬ ਦੇ ਹੋਰ ਕਿਸੇ ਨੂੰ ਨਹੀਂ ਮੰਨਦੇ। ਪਰੰਪਰਾ ਤੋਂ ਉਹ ਅਸਥਾਨ ਮਾਹੀ ਭਗਤ ਦੀ ਅੰਸ਼ ਪਾਸ ਹੈ ਅਤੇ ਉਥੇ ਹਜ਼ਾਰਾਂ ਯਾਤਰੂ ਆਉਂਦੇ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਕਰਾਂਦੇ ਹਨ।

ਉਸੇ ਮਾਹੀ ਭਗਤ ਦੀ ਅੰਸ਼ ਵਿਚੋਂ ਇਕ ਮਹਾਂ ਪੁਰਸ਼ 'ਝੱਲਾ' ਨਾਮ ਦਾ ਐਸਾ ਸਿਧ ਹੋਇਆ ਹੈ ਜਿਸ ਨੇ ਸੈਂਕੜੇ ਲੋਕਾਂ ਨੂੰ ਸਾਹਿਬ ਦਾ ਮਾਰਗ ਦਸ ਕੇ ਸਾਰੇ ਉਸ ਪਹਾੜ ਦੇ ਨਿਵਾਸੀਆਂ ਨੂੰ ਗੁਰੂ ਜੀ ਦਾ ਅਨੰਨ ਸੇਵਕ ਬਣਾ ਦਿਤਾ ਹੈ, ਪਰ ਹੁਣ ਸੁਣਨ ਵਿਚ ਆਇਆ ਹੈ ਕਿ ਉਹ ਲੋਕ ਕਿਸੇ ਹੋਰ ਹੀ


www.AKJ.org

ਮਨ ਮਤੀਏ ਦਾਊਨ ਵਾਲੇ ਸੁੰਦਰ ਸਿੰਘ ਗੰਗੋ ਸ਼ਾਹੀ ਨੂੰ ਆਪਣਾ ਗੁਰੂ ਮੰਨਣ ਲਗ ਪਏ ਹਨ, ਅਤੇ ਹਜ਼ਾਰਾਂ ਰੁਪਏ ਉਸ ਦੇ ਸਥਾਨ ਤੇ ਭੇਂਟ ਚੜ੍ਹਾਂਦੇ ਹਨ।

ਕੀ ਸਾਡਾ ਇਹ ਫਰਜ਼ ਨਹੀਂ ਬਣਦਾ ਕਿ ਅਸੀਂ ਗੁਰੂ ਸਾਹਿਬ ਦੇ ਐਸੇ ਯਾਤਰਾ ਅਸਥਾਨਾਂ ਨੂੰ ਉਜਾਗਰ ਕਰੀਏ ਅਤੇ ਮਨ ਮਤ ਨੂੰ ਦੂਰ ਕਰਕੇ ਉਥੇ ਗੁਰਮਤਿ ਦਾ ਪਰਚਾਰ ਕਰੀਏ। ਐਸੇ ਹੋਰ ਵੀ ਕਈ ਅਸਥਾਨ ਹੋਣਗੇ ਜਿਥੇ ਗੁਰੂ ਸਾਹਿਬ ਪਹੁੰਚੇ ਹਨ, ਪਰ ਸਾਨੂੰ ਪਤਾ ਹੀ ਨਹੀਂ ਅਤੇ ਨਾ ਹੀ ਹੁਣ ਤਕ ਕਿਸੇ ਨੇ ਕੋਸ਼ਿਸ਼ ਕੀਤੀ ਹੈ, ਕਿ ਅਸਥਾਨਾਂ ਦੀ ਭਾਲ ਕੀਤੀ ਜਾਵੇ।

ਪਿਛੇ ਇਹ ਸੁਨਣ ਵਿਚ ਆਇਆ ਸੀ ਕਿ ਗੁਰੂ ਸਾਹਿਬ ਦਾ ਨਾਮ ਲੇਵਾ ਇਕ ਹਿੰਦੂ ਪ੍ਰੇਮੀ ਹੈ, ਜਿਸ ਨੇ ਗੁਰੂ ਨਾਨਕ ਸਾਹਿਬ ਜੀ ਦੇ ਸਾਰੇ ਯਾਤਰਾ ਅਸਥਾਨਾਂ ਤੇ ਪਹੁੰਚਣ ਵਾਸਤੇ ਕਮਰ-ਕੱਸਾ ਕੀਤਾ ਹੈ। ਉਹ ਸਜਨ ਭਾਰਤ ਦੇ ਕੋਨੇ ਕੋਨੇ ਵਿਚ ਜਿਥੇ ਵੀ ਗੁਰੂ ਸਾਹਿਬ ਪਹੁੰਚੇ ਹਨ, ਉਹਨਾਂ ਸਾਰੇ ਅਸਥਾਨਾਂ ਦੀ ਯਾਤਰਾ ਕਰੇਗਾ ਅਤੇ ਬਾਹਰਲੇ ਦੇਸ਼ਾਂ ਵਿਚ ਵੀ ਜਿਥੇ ਜਿਥੇ ਉਸਨੂੰ ਪਤਾ ਲਗਾ ਪਹੁੰਚਣ ਦਾ ਯਤਨ ਕਰੇਗਾ। ਇਸੇ ਸਿਲਸਿਲੇ ਵਿਚ ਉਹ ਸਜਨ ਗੁਰੂ ਨਾਨਕ ਸਾਹਿਬ ਦੇ ਅਸਥਾਨ 'ਗੁਰੂ ਕਾ ਬਾਗ' ਗੁਰਦਵਾਰਾ ਬਨਾਰਸ ਸ਼ਹਿਰ ਵਿਚ ਆਇਆ ਸੀ, ਉਸਨੇ ਗੁਰੂ ਸਾਹਿਬ ਦੇ 500 ਪੰਜ ਸੌ ਸਾਲਾ ਜਨਮ ਉਤਸਵ ਤਕ ਖਤਮ ਕਰਨ ਦਾ ਪ੍ਰਣ ਕੀਤਾ ਹੋਇਆ ਹੈ।

ਸਚਾ ਪਾਤਸ਼ਾਹ ਉਸ ਦੀ ਇਹ ਪਵ੍ਰਿਤ ਕਾਮਨਾ ਪੂਰੀ ਕਰੇ। ਗੁਰੂ ਸਾਹਿਬ ਦੀ ਪਹਾੜੀ ਯਾਤਰਾ ਦੇ ਹੋਰ ਬਿਰਤਾਂਤ ਲਿਖਣੇ ਬਾਕੀ ਹਨ ਜੋ 'ਸੂਰਾ' ਦੇ ਅਗਲੇ ਪਰਚੇ ਵਿਚ ਆਪ ਦੀ ਭੇਟ ਕੀਤੇ ਜਾਣਗੇ।

---

## ਗੁਰਸਿਖ ਵਾੜੀ ਪਟਿਆਲਾ ਦੀ ਇਕਤ੍ਰਤਾ

ਪਟਿਆਲਾ 'ਗੁਰਸਿਖ ਵਾੜੀ' ਦੀ ਇਕ ਇਕਤਰਤਾ ਡਾ: ਮਹਿੰਦਰ ਸਿੰਘ ਜੀ ਦੇ ਗ੍ਰਿਹਿ ਵਿਖੇ ਹੋਈ, ਜਿਸ ਵਿਚ ਸਰਬ ਸੰਮਤੀ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਿਆਈ ਗੁਰਪੁਰਬ ਮਿਤੀ ੧ ਤੇ ੨ ਨਵੰਬਰ ਨੂੰ ਅਮਰ ਆਸ਼ਰਮ ਵਿਚ ਮਨਾਉਣ ਦਾ ਫੈਸਲਾ ਕੀਤਾ ਗਿਆ। ਭਾਰੀ ਕੀਰਤਨ ਦਰਬਾਰ, ਕਵੀ ਦਰਬਾਰ ਤੇ ਵਡੇ ਪੈਮਾਨੇ ਤੇ ਅੰਮ੍ਰਿਤ ਸਮਾਗਮ ਹੋਵੇਗਾ। ਗੁਰੂ ਗ੍ਰੰਥ ਸਾਹਿਬ ਜੀ ਦਾ ਅਦੁਤੀ ਜਲੂਸ ਕਢਣ ਲਈ ਇਕ ਕਮੇਟੀ ਬਨਾਈ ਗਈ ਜਿਸ ਵਿਚ ਡਾ: ਮਹਿੰਦਰ ਸਿੰਘ, ਸ: ਗਿਆਨ ਸਿੰਘ, ਜਥੇਦਾਰ ਗੁਰਬਖਸ਼ ਸਿੰਘ, ਪ੍ਰੋ: ਤਨਜੀਤ ਸਿੰਘ, ਪ੍ਰੋ: ਅਰਜਨ ਸਿੰਘ, ਸ: ਗੁਰਚਰਨ ਸਿੰਘ ਸਾਹਨੀ ਤੇ ਸ: ਸੁਰਿੰਦਰ ਸਿੰਘ ਸ਼ਾਮਲ ਹਨ।

ਇਸ ਵਾਰੀ ਪਟਿਆਲੇ ਦੀਆਂ ਸੰਮੂਹ ਸੰਗਤਾਂ ਵਲੋਂ ਪੰਜ ਸੌ ਸਾਲਾ ਗੁਰਪੁਰਬ ਬੜੀ ਸ਼ਾਨ ਤੇ ਉੱਚ ਪੱਧਰ ਤੇ ਮਨਾਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ, ਇਸ ਸਬੰਧ ਸਿਖ ਪੰਥ ਦੇ ਮਹਾਨ ਰਾਗੀ, ਪ੍ਰਚਾਰਕ, ਵਿਦਵਾਨ, ਸੰਤ ਮਹਾਂਪੁਰਸ਼ਾਂ ਨੂੰ ਸੱਦਾ ਪੱਤ੍ਰ ਦਿਤੇ ਜਾ ਰਹੇ ਹਨ।

ਦਾਸ–ਸੁਰਿੰਦਰ ਸਿੰਘ, ਸਕੱਤ੍ਰ


www.AKJ.org

# ਨਾਨਕ ਸਾਇਰ ਇਵ ਕਹਿਆ

(ਵਲੋਂ–ਕਾਕਾ ਸਤਿਨਾਮ ਸਿੰਘ ਜੀ, ਲੁਧਿਆਣਾ)

'ਕਰੇ ਕਰਾਏ ਸਭ ਕਿਛੁ ਜਾਣੈ,
ਨਾਨਕ ਸਾਇਰ ਇਵ ਕਹਿਆ।
(ਆਸਾ ਮ: ੧–ਪੱਟੀ ਲਿਖੀ)

ਗੁਰੂ ਨਾਨਕ ਸਾਹਿਬ ਦੀ ਫਿਲਾਸਫੀ ਬਹੁਪੱਖੀ, ਅਨੇਕ ਰੰਗੀ ਤੇ ਜਨ–ਸਾਧਾਰਣ ਤਕ ਮਹਿਦੂਦ ਏ। ਅਧਿਆਤਵਾਦ ਕੰਵਲ ਵਾਲ ਗ੍ਰਿਹਸਤ-ਕਿਆਰੀਆਂ ਦੁਆਰੇ ਹੀ ਵਲਿਆ ਗਿਐ, ਵਕਤ ਦੀ ਪੈਮਾਇਸ਼ ਸਮਾਜਕ, ਰਾਜਨੀਤਕ ਤੇ ਸਦਾਚਾਰਕ ਪੱਖਾਂ ਤੋਂ ਕੀਤੀ ਗਈ ਏ। ਆਪਣੇ ਫਲਸਫੇ ਦਾ ਕੋਈ ਵੀ ਅੰਗ ਜਾਂ ਕੋਈ ਵੀ ਸਿਧਾਂਤਵਾਦ ਇਸ ਸ੍ਰਿਸ਼ਟੀ ਤੋਂ ਬਾਹਰ ਨਹੀਂ ਕਲਪਿਆ। ਇਤਨੀ ਡੂੰਘੀ ਨਜ਼ਰ ਨਾਲ ਗੁਰੂ ਬਾਬਾ ਜੀ ਨੇ ਸਮਾਜ ਦੀਆਂ ਸਮਕਾਲੀ ਹਾਲਤਾਂ ਦਾ ਅਧਿਅਨ ਕੀਤਾ, ਕਿ ਆਪ ਨਿਰੇ ਸੁਧਾਰਕ ਹੀ ਨਾ ਰਹੇ ਬਲਕਿ ਕ੍ਰਾਂਤੀਕਾਰੀ ਵੀ ਸਾਬਤ ਹੋ ਸਕੇ ਨੇ। ਡਾ: ਤਾਰਨ ਸਿੰਘ ਦੇ ਲਫਜ਼ਾਂ ਅਨੁਕੂਲ ਉਹ 'ਸਤਿ ਦਾ ਪ੍ਰਕਾਸ਼' ਸਨ ਤੇ ਕਲਜੁਗ ਦੀਆਂ ਮਹਾਨ ਧਾਰਾਵਾਂ ਨੂੰ ਉਹਨਾਂ ਨੇ ਜਨਮ ਦਿਤਾ।

ਜਿਸ ਡੂੰਘੀ ਨਜ਼ਰ ਨਾਲ ਆਪ ਜੀ ਨੇ ਸਮਕਾਲੀ ਹਾਲਤਾਂ ਉਲੀਕੀਆਂ, ਉਸ ਹੀ ਡੂੰਘੀ ਨਜ਼ਰ ਨਾਲ ਆਪ ਜੀ ਨੇ ਅਸਚਰਜ ਸ਼ੈਲੀ ਵਿਚ ਆਪਣੀ ਰਚਨਾ ਲਿਖੀ। ਜੋ ਕੁਝ ਉਹਨਾਂ ਲਿਖਿਆ, ਬਿਆਨਿਆ ਜਾਂ ਵਾਦਵਿਵਾਦ ਕੀਤਾ ਉਸਦਾ ਤੱਤ ਸਾਨੂੰ ਉਹਨਾਂ ਦੀ ਲਿਖਤ 'ਖਸਮ ਕੀ ਬਾਣੀ' ਵਿਚੋਂ ਮਿਲਦਾ ਏ। ਗੁਰੂ ਬਾਬਾ ਜੀ ਦੀ 'ਖਸਮ ਕੀ ਬਾਣੀ' ਇਸ ਗਲ ਦੀ ਪ੍ਰਤੀਕ ਏ ਜੋ ਕਿ ਗੁਰੂ ਬਾਬਾ ਜੀ ਦੇ ਵਿਚਾਰਾਂ ਦੀ ਅਗਵਾਈ ਕੇਵਲ ਉਸੇ ਸਮੇਂ ਦੇ ਲੋਕ ਹੀ ਨਾ ਲੈ ਸਕਣ ਬਲਕਿ ਭਵਿਖ ਦੇ ਅਣਜਾਣੇ ਜੀਵ ਇਹਨਾਂ ਅੰਮ੍ਰਿਤ–ਉਪਦੇਸ਼ਾਂ ਰਾਹੀਂ ਆਪਣੀ ਜ਼ਿੰਦਗੀ ਸਫਲ ਬਣਾ ਸਕਣ।

ਗੁਰੂ ਬਾਬਾ ਜੀ ਦੀ ਮਹਾਨ ਦੇਣ ਆਦਿ ਫਿਲਾਸਫ਼ੀ ਏ। ਜੇ ਕਰ ਹਿੰਦੂ ਪਰਮ–ਹਿੰਦੂ ਤੇ ਮੁਸਲਮਾਨ ਪੂਰਨ ਮੁਸਲਮਾਨ ਬਣ ਜਾਵੇ ਤਾਂ ਆਦਿ ਫਿਲਾਸਫੀ ਸੰਪੂਰਨ ਰੂਪ ਵਿਚ ਨਿਰੂਪਣ ਹੋ ਜਾਵੇਗੀ। ਪੂਰਨ ਹਿੰਦੂ ਤੇ ਪੂਰਨ ਮੁਸਲਮਾਨ ਦੀਆਂ ਨਿਸ਼ਾਨੀਆਂ 'ਖਸਮ ਕੀ ਬਾਣੀ' ਵਿਚੋਂ ਇੰਵ ਮਿਲਦੀਆਂ ਨੇ:–

ਪੂਰਨ ਹਿੰਦੂ:–

ਪਾਂਡੇ ਐਸਾ ਬ੍ਰਹਮ ਵੀਚਾਰ ॥
ਨਾਮੇ ਸੁਚ ਨਾਮੇ ਪੜੋ ਨਾਮੇ ਚਜ ਅਚਾਰ।

ਪੂਰਨ ਮੁਸਲਮਾਨ:–

ਪੰਜ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ।
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਨ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੇ ਕੂੜੀ ਪਾਇ ॥
(ਮਹਲਾ ੧)


www.AKJ.Org

ਅਰਥਾਤ: ਪੰਜ ਨਿਮਾਜ਼ਾਂ :- 1. ਸੱਚ ਦੀ; 2. ਹੱਕ ਜਾਂ ਹਲਾਲ ਦੀ ਕਮਾਈ ਦੀ; 3. ਖੁਦਾ ਦੀ ਖੈਰ ਦੀ; 4. ਨੀਅਤ ਰਾਸ ਦੀ; 5. ਸਿਫਤ ਸਨਾ ਦੀ (ਅਕਾਲ ਪੁਰਖ ਦੀ ਸਿਫਤ)

[ਗੁਰਮਤ ਪ੍ਰਕਾਸ਼-ਦਸੰਬਰ-1967
ਗੁਰੂ ਨਾਨਕ ਦਰਸ਼ਨ ਸਫਾ-48

ਆਦਿ ਫਿਲਾਸਫੀ:-

'ਆਦਿ' ਇਕ ਏ; ਨਿਰਗੁਣ-ਸਰਗੁਣ ਦੋਨਾਂ ਰੂਪਾਂ ਵਿਚ ਉਹ ਬਿਰਾਜਮਾਨ ਏ; ਉਸਦੇ ਭਗਤ ਉਸਦੇ ਅੰਸ਼ ਨੇ। ਆਦਿ ਦੀ ਉਪਾਸ਼ਨਾ ਜਾਂ ਸ਼ਬਦ ਦੇ ਪਰਚੇ ਤੋਂ ਬਿਨਾ ਹੋਰ ਸਭ ਆਚਾਰ, ਵਿਚਾਰ ਤੇ ਵਿਹਾਰ ਨਿਹਫਲ, ਕੂੜ ਤੇ ਨਿਰਾਰਥ ਨੇ। ਆਦਿ ਦੀ ਉਪਾਸ਼ਨਾ ਸਤਿਗੁਰੂ ਦੀ ਸ਼ਰਨ ਆਣ ਤੋਂ ਬਿਨਾਂ ਨਹੀਂ ਹੁੰਦੀ। ਆਦਿ ਦੇ ਤੁੱਲ ਹੋਰ ਕੋਈ ਨਹੀਂ। ਹੋਰ ਸਭ ਦੇਵੀ, ਦੇਵਤੇ ਉਸਦੇ ਉਥਾਪੇ ਨੇ ਤੇ ਉਹ ਸਾਰੀ ਸ੍ਰਿਸ਼ਟੀ ਦੀ ਪ੍ਰਤਿਪਾਲਣਾ ਕਰ ਰਿਹਾ ਏ।

'ਆਦਿ' ਰਾਮ, ਕ੍ਰਿਸ਼ਨ, ਮੌਲਾ, ਬ੍ਰਹਮਾ, ਵਿਸ਼ਨੂ ਆਦਿ ਤੋਂ ਉਪਰ ਇਕ ਵਿਸ਼ੇਸ਼ ਹੋਂਦ ਏ ਜਿਸਦਾ ਪਸਾਰਾ ਸਰਬ ਵਿਆਪਕ ਏ। ਉਸਦੀ ਪ੍ਰਾਪਤੀ ਗਲਾਂ ਨਾਲ ਨਹੀਂ ਹੋ ਸਕਦੀ; ਕਰਣੀ ਦੇ ਸੂਰੇ ਬਨਣਾ ਪਵੇਗਾ; ਸ਼ਬਦ ਦਾ ਬੀਜ' ਬੀਜ ਕੇ ਗਰੀਬੀ ਧਾਰਣ ਕਰਨੀ ਪਵੇਗੀ;

ਮਤਿ ਜਾਣ ਗਲੀ ਸਹਿ ਪਾਇਆ ॥

(ਸਿਰੀਰਾਗ ਮਹਲਾ ੧)

ਨਾਮ ਬੀਜ ਸੰਤੋਖ ਸੁਹਾਗਾ ਰਖ ਗਰੀਬੀ ਵੇਸ ॥

(ਸੋਰਠ ਮਹਲਾ ੧)

ਸੱਚ ਦੀ ਪਛਾਣ, ਚੰਚਲਤਾ, ਖੁਦਗਰਜ਼ੀ ਤੇ ਆਪੋ ਧਾਪੀ ਦੇ ਓਹਲੇ ਬੇਪਛਾਨੀ ਜਿਹੀ ਅਹਿਮੀਅਤ ਵਿਚ ਫਿਰਦੀ ਏ। ਅੰਨੇ ਬੋਲੇ ਮਾਇਆਧਾਰੀ ਸਾਰੇ ਸੰਸਾਰ ਤੇ ਆਪਣਾ ਗਲਬਾ ਧਾਰੀ ਬੈਠੇ ਨੇ। ਕੋਈ ਵਿਰਲਾ (ਅਰਥਾਤ ਭਗਤ ਜਨ) ਹੀ ਇਹ ਮਾਇਆ ਦੇ ਜਾਲ ਤੋਂ ਇਕ ਪਾਸੇ ਰਹਿ ਆਪਣੇ ਜ਼ਿੰਦਗੀ ਦਾ ਘੋਲ ਅਧਿਆਤਮਕ ਅਖਾੜੇ ਵਿਚ ਕਰ, ਬਿਖਮ ਅਖਾੜਾ, ਸਰ ਕਰਦਾ ਏ। ਤੇ ਇਹ ਅਖਾੜਾ ਸੁਚੱਜੀ ਕਰਣੀ ਤੋਂ ਬਿਨਾਂ, ਚੰਗੇ ਅਮਲਾਂ ਤੋਂ ਬਿਨਾਂ, ਸਬਦ ਬੀਜਣ ਤੋਂ ਬਿਨਾਂ ਤੇ ਭਾਂਡਾ ਸਧਾਰਣ ਤੋਂ ਬਿਨਾਂ ਕਦਾਚਿਤ ਸਰ ਨਹੀਂ ਹੋ ਸਕਦਾ। ਪਹਿਲਾਂ ਭਾਂਡਾ (ਸਰੀਰ) ਸਵਾਰਿਆ ਜਾਏ ਤੇ ਫਿਰ ਨਿਰਾਸ ਮਈ ਅਵਸਥਾ ਵਿਚ ਇਸ ਖੀਰ ਭਾਵ ਦੁੱਧ (ਕਰਮ) ਨੂੰ ਸੁਰਤ ਦਾ ਸਮਾਇਣ (ਖੱਟਾ) ਲਾ ਕੇ ਜਮਾਇਆ ਜਾਵੇ: (ਸੂਹੀ ਮ: ੨)

ਭਾਂਡਾ ਧੋਇ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥
ਦੂਧੁ ਕਰਮ ਫੁਨਿ ਸੁਰਤਿ ਸਮਾਇਣ ਹੋਇ ਨਿਰਾਸ ਜਮਾਵਹੁ ॥
ਜਪਹੁ ਤ ਏਕੋ ਨਾਮਾ, ਅਵਰਿ ਨਿਰਾਫਲ ਕਾਮਾ ॥

ਤੇ ਅਕੰਸ 'ਚ ਹਾਥੀ ਵਾਂਗ ਸਿਰ ਦੇਕੇ, ਨਿਜ-ਤਿਆਗ ਸੇਵਾ ਕੀਤੀ ਜਾਵੇ, ਤੇ ਇਸ ਤਰ੍ਹਾਂ ਅਧਿਆਤਮਵਾਦ ਦੀ ਸੁਚੱਜੀ ਅਵਸਥਾ ਦੀ ਪ੍ਰਾਪਤੀ ਹੋਵੇਗੀ,ਤੇ ਅਜੇਹਾ ਅਧਿਆਤਮਵਾਦ ਆਪਣੇ ਆਪ ਵਿਚ ਨਉਨਿਧੀਆਂ ਅਠਾਰਹ ਸਿਧੀਆਂ ਸਮੇਟੀ ਰਖੇਗਾ। ਅਜੇਹਾ ਗੁਰਮੁਖ ਜਨ ਕਦੇ ਵੀ ਨਹੀਂ ਡੋਲੇਗਾ ਬਲਕਿ ਉਸਦੀ ਅਵਸਥਾ ਦਿਨੋ ਦਿਨ ਚੜ੍ਹਦੀ ਕਲਾ ਵਿਚ ਜਾਵੇਗੀ।

ਅਸੀਂ ਕਿਉਂ ਡੋਲਦੇ ਹਾਂ ? ਗੁਰੂ ਬਾਬਾ ਜੀ ਨੇ ਇਸ ਸਮਸਿਆ ਦਾ ਵੀ ਡੂੰਘਾ ਅਧਿਅਨ ਕੀਤਾ। ਕੁਝ ਸ਼ੈਤਾਨੀ ਤਾਕਤਾਂ ਜਦ ਸਾਡੇ ਉਪਰ ਆ ਸਵਾਰ ਹੁੰਦੀਆਂ ਨੇ ਤਾਂ ਅਸੀਂ ਖੁਦਗਰਜ਼ ਬਣ ਜਾਂਦੇ ਹਾਂ; ਜਦ ਸੁੰਦਰਤਾ, ਧਨ, ਮਾਲ ਆਦਿ ਸਾਡੇ ਪਾਸ ਆ ਜਾਣ ਤਾਂ ਅਸੀਂ ਹੰਕਾਰੀ ਤੇ ਕਾਮੀ ਬਣ ਜਾਂਦੇ ਹਾਂ,


www.AKJ.org

ਤੇ ਜੇ ਅਸੀਂ ਕਿਸੇ ਜ਼ਿੰਮੇਂਵਾਰੀ ਤੇ ਆ ਜਾਈਏ ਤਾਂ ਅਸੀਂ ਵਹਿਸ਼ੀ ਤੇ ਕੁਕਰਮੀ ਬਣ ਜਾਂਦੇ ਹਾਂ ਤੇ ਕ੍ਰੋਧ ਸਾਡੀ ਕਾਇਆਂ ਨੂੰ ਨਿਤ ਗਾਲਦਾ ਏ; ਜੇ ਅਸੀਂ ਕਿਸੇ ਦੁਨਿਆਵੀ ਉੱਚੀ ਅਵਸਥਾ ਤੇ ਪਹੁੰਚ ਜਾਈਏ ਤਾਂ ਅਸੀਂ ਕੇਵਲ ਆਪਣੇ ਆਪ ਨੂੰ ਹੀ ਨਹੀਂ ਭੁਲਦੇ ਬਲਕਿ ਪਰਮ ਅਕਾਲ ਪੁਰਖ ਪ੍ਰਮਾਤਮਾ, ਜਿਸਦੀਆਂ ਦਾਤਾਂ ਅਸੀ' ਭੁੰਚ ਰਹੇ ਹੁੰਦੇ ਹਾਂ, ਉਸਨੂੰ ਵੀ ਭੁਲ ਜਾਂਦੇ ਹਾਂ :

ਦਾਤਿ ਪਿਆਰੀ ਵਿਸਰਿਆ ਦਾਤਾਰਾ ।।

ਗੁਰੂ ਬਾਬਾ ਜੀ ਨੇ ਇਸ ਸਭ ਕਾਸੇ ਨੂੰ ਬੜੀ ਚੰਗੀ ਤਰ੍ਹਾਂ ਸਮਝਿਆ ਅਤੇ ਬੜੀ ਦਲੇਰੀ ਨਾਲ ਤਾੜਨਾ ਕੀਤੀ :

ਮਤਿ ਦੇਖ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ।। ਉਹ ਸਉਣਾ, ਉਹ ਖਾਣਾ, ਉਹ ਪਹਿਨਣਾ ਉਹ ਸਵਾਰੀ ਸਭ ਖੁਆਰੀ ਵਲ ਲਿਜਾਂਦੇ ਨੇ ਤਾਂ ਜੋ ਅਕਾਲ ਪੁਰਖ ਦਾ ਨਾਮ ਵਿਸਰਿਆ ਰਹੇ:

ਬਾਬਾ ਹੋਰ ਖਾਣਾ ਖੁਸ਼ੀ ਖੁਆਰੁ ॥
ਜਿਤ ਖਾਧੇ ਤਨ ਪੀੜੀਐ ਮਨ ਮਹਿ ਚਲੈਹਿ ਵਿਕਾਰ ।।
ਬਾਬਾ ਹੋਰ ਪੈਨਣੁ ਖੁਸੀ ਖੁਆਰੁ ।।
ਜਿਤ ਪੈਧੇ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ।।
ਬਾਬਾ ਹੁਰ ਚੜਣਾ ਖੁਸੀ ਖੁਆਰੁ ।।
ਜਿਤ ਚੜੀਏ ਤਨ ਪੀੜੀਏ ਮਨ ਮਹਿ ਚਲਹਿ ਵਿਕਾਰ ।।
ਬਾਬਾ ਹੋਰ ਸਉਣਾ ਖੁਸੀ ਖੁਆਰੁ ॥
ਜਿਤ ਸੁਤੇ ਤਨ ਪੀੜੀਐ ਮਨ ਮਹਿ ਚਲਹਿ ਵਿਕਾਰ ।।

ਜੋਗ:—

ਆਦਿ ਦੀ ਉਪਾਸ਼ਨਾ ਹੀ ਜੋਗ ਏ । ਗੁਰੂ ਬਾਬਾ ਜੀ ਨੇ ਪਰਚਾਰਿਆ ਕਿ ਜੇ ਦਰ ਦਰ ਭੀਖਿਆ ਗ੍ਰਿਹਸਥੀਆਂ ਕੋਲੋਂ ਹੀ ਮੰਗਣੀ ਏਂ, ਤਾਂ ਅਜੇਹਾ ਜੋਗ ਕਿਸੇ ਕੰਮ ਨਹੀਂ । ਨਾਮ ਸਿਮਰਣ ਤੋਂ ਬਿਨਾਂ ਅਰਥਾਤ ਨਿਰੇ ਧਕੜ ਮਾਰਨ ਨਾਲ ਜੋਗ ਨਹੀਂ ਪ੍ਰਾਪਤ ਹੋ ਸਕਦਾ ।

ਗਲੀਂ ਜੋਗ ਨ ਹੋਈ ॥
ਏਕ ਦ੍ਰਿਸਟਿ ਕਰ ਸਮਸਰਿ ਜਾਣੈ ਜੋਗੀ ਕਹੀਐ ਸੋਈ ॥
ਸਬਦੈ ਦਾ ਨਬੇੜਾ ਸੁਣਿ ਤੂ ਅਵਧੂ ਬਿਨ ਨਾਵੈ ਜੋਗ ਨਾ ਹੋਈ ॥

ਰਾਜ ਜੋਗ ਮਾਣੇ ਜਾਣ, ਅਰਥਾਤ ਗ੍ਰਿਹਸਥ ਦੇ ਆਲੇ ਦੁਆਲੇ ਜੋਗ ਦੀ ਵਾੜ ਚੜੀ ਰਹੇ । ਏਕਾ ਨਾਰੀ ਜਤੀ ਹੋਵੇ, ਪਰਾਇਆ ਧਨ,ਪਰਾਈ ਇਸਤ੍ਰੀ ਤੇ ਪ੍ਰਾਈ ਨਿੰਦਾ ਮੁਸਲਮਾਨਾ ਦੇ ਸੂਰ ਖਾਣ ਤੇ ਹਿੰਦੂਆਂ ਦੇ ਗਊ ਖਾਣ ਦੇ ਸਮਾਨ ਸਮਝੇ ਜਾਣ । ਭਾਈ ਲਾਲੋ ਵਾਂਗ ਹੱਕ ਦੀ ਕਮਾਈ ਕਰਕੇ ਮਲਕ ਵਰਗਿਆਂ ਦੀ ਖ਼ੂਨੀ ਕਮਾਈ ਨੂੰ ਸਦਾ ਉਤੇਜਿਤ ਕੀਤਾ ਜਾਵੇ ।

ਗੁਰਮਤਿ ਸਹਜ, ਗੁਰਮਤਿ ਬੈਰਾਗ, ਗੁਰਮਤਿ ਆਚਾਰ ਤੇ ਗੁਰਮਤਿ ਵਿਵਹਾਰ ਨੂੰ ਸਮਝ ਆਦਿ ਦੇ ਹੁਕਮ ਨੂੰ ਸੁਣ ਮੰਨਿਆ ਜਾਵੇ । ਨਾਮ ਪੜ੍ਹਿਆ ਜਾਵੇ; ਗੁੜਿਆ ਜਾਵੇ; ਨਾਲ ਦੀ ਦੀਖਿਆ ਲਈ ਜਾਵੇ, ਤੇ ਨਾਮ ਸੀ ਸਲਾਹੁ ਕੀਤੀ ਜਾਵੇ । ਹੋਰ ਆਚਾਰ, ਵਿਹਾਰ ਤੇ ਸਦਾਚਾਰ ਨਾਮ-ਕਮਾਈ ਅਗੇ ਕੂੜ ਨੇ । ਗਿਆਨ, ਸਿਆਣਪ ਤੇ ਸੁਚ-ਸੰਜਮ ਆਦਿ-ਨਾਮੁ ਤੋਂ ਬਿਨਾਂ ਕਿਸੇ ਕੰਮ ਨਹੀਂ । ਸਰਬ-ਵਿਆਪਕ ਦੀ ਸਿਰਜੀ ਸ੍ਰਿਸ਼ਟੀ ਕੋਈ ਵਸਤੂ ਸਥਿਰ ਨਹੀਂ, ਉਹ ਆਪ ਹੀ ਸਥਿਰ ਹੈ ।

ਇਹ ਸਰੀਰ ਰੂਪੀ ਕਚਾ ਭਾਂਡਾ ਜਦੋਂ ਉਪਜਦਾ ਏ-ਦੁਖ ਹੁੰਦਾ ਏ ਤੇ ਜਦੋਂ ਬਿਨਸਦਾ ਏ (ਨਾਸ਼ਵਾਨ ਹੁੰਦਾ ਏ) ਤਾਂ ਵੀ ਦੁਖੀ ਹੁੰਦਾ ਏ। ਇਸ ਸੰਸਾਰ ਦੇ ਆਵਾਗਾਉਣ ਵਿਚੋਂ ਸਤਿਗੁਰੂ ਦੀ ਕਿਰਪਾ ਤੋਂ ਬਿਨਾਂ ਪਾਰ ਨਹੀਂ ਹੋਇਆ ਜਾਣਾ :


www.AKJ.org

ਕਾਚੀ ਸਾਗਰ ਦੇਹ ਦੁਹੇਲੀ ॥
ਉਪਜੇ ਨਿਪਜੇ ਦੁਖ ਪਾਈ ॥
ਇਹੁ ਜਗ ਸਾਗਰ ਦੁਤੁਰ ਕਿਉ ਤਰੀਐ॥
ਬਿਨ ਹਰਿ ਗੁਰ ਪਾਰ ਨ ਪਾਈ॥

ਗੁਰਮਮਿਤ ਜੋਗ ਕਮਾ, ਜਦ ਸ਼ੈਤਾਨੀ ਤੇ ਵਹਿਸ਼ੀ ਤਾਕਤਾਂ ਤੋਂ ਬੰਦ ਖਲਾਸ ਹੋ ਜਾਂਦੀ ਏ ਤਾਂ 'ਹਰਿ ਜਨ ਹਰਿ ਇਕੋ ਹੋਏ' ਵਾਲੀ ਅਵਸਥਾ ਹੋ ਜਾਂਦੀ ਏ। ਜਿਸ ਅਵਸਥਾ ਦੇ ਧਾਰਣੀ ਗੁਰੂ ਬਾਬਾ ਜੀ ਆਪ ਵੀ ਸਨ। ਦੁਰਮਤਿ—ਭਾਂਡੇ ਨੂੰ ਤੋੜਨ ਲਈ ਤ੍ਰਿਸ਼ਨਾ ਤੇ ਹਉਮੈ ਦਾ ਤਿਆਗ ਕਰਨਾ ਪਹਿਲੋ ਗਿਆਨ—ਹਨੇਰੀ ਲਿਆਂਦੀ ਜਾਵੇ ਤੇ ਹਨੇਰੀ ਪਿਛੋਂ ਜੋ ਅੰਮ੍ਰਿਤਧਾਰਾ ਵਗੇਗੀ, ਉਹ ਹਰਿ ਜਨ ਦਾ ਤਨ ਮਨ ਖਿੜਾ, ਦੇਵੇਗੀ (ਭਗਤ ਕਬੀਰ) ਚੂੰਕਿ ਹਨੇਰੀ ਮੀਂਹ ਤੋਂ ਬਿਨਾਂ ਨੁਕਸਾਨ ਦੇਹ ਹੀ ਸਾਬਤ ਹੋਵੇਗੀ। ਇਸੇ ਤਰ੍ਹਾਂ ਫੋਕਟ ਗਿਆਨ ਨੁਕਸਾਨ ਦੇਹ ਸਾਬਤ ਹੋਵੇਗਾ। ਇਸ ਲਈ ਅੰਮ੍ਰਿਤਧਾਰਾ ਵਗਾ ਰੋਮ-ਰੋਮ ਵਿਚ ਨਾਮੀ ਦੇ ਨੇਹੁ ਨੂੰ ਵਿਗਾਸਿਆ ਜਾਵੇ ਜੋ ਕਿ ਹਰਿ ਜਨ ਦਾ ਮਹਾਨ ਕਾਰਾ ਹੋਵੇਗਾ।

ਵਰਨ-ਜਾਤ-ਪਾਤ:—

ਜਿਵੇਂ 'ਆਦਿ' ਇਕ ਏ, ਉਸਦਾ ਕੋਈ ਰੂਪ, ਰੰਗ, ਚਕ੍ਰ, ਚਿਹਨ ਨਹੀਂ, ਉਸੇ ਤਰ੍ਹਾਂ ਸ੍ਰਿਸ਼ਟੀ ਦਾ ਪਸਾਰਾ ਵੀ ਇਕੋ ਸਤਾਅ ਤੇ ਹੈ। ਭਾਵ ਰੂਪ, ਰੰਗ, ਜਾਤ-ਪਾਤ ਆਦਿ ਕੁਛ ਵੀ ਨਹੀਂ। ਲੋਕਾਈ ਅੰਦਰ ਦੋ ਤਰ੍ਹਾਂ ਦੇ ਹੀ ਖ਼ਿਆਲ ਨੇ—ਇਕ 'ਸਾਕਤ' ਤੇ ਦੂਜਾ 'ਭਗਤ' ਜੋ ਸਦੀਵ ਅਜੋੜ ਰਹਿਣਗੇ।

ਭਗਤਾ ਤੇ ਸੈਸਾਰੀਆ ਜੋੜਿ ਕਦੇ ਨਾ ਆਇਆ॥

ਨਾ ਆਦਿ ਵਾਹਿਗੁਰੂ ਦਾ ਕੋਈ ਵਰਨ ਏਂ, ਨਾਂ ਉਹ ਕਿਸੇ ਵਰਨ ਨੂੰ ਖਾਸ ਵਿਸ਼ੇਸ਼ਤਾ ਦਿੰਦਾ ਏ, ਨਾ ਉਸਦਾ ਕੋਈ ਰੂਪ ਰੰਗ ਏ ਤੇ ਨਾ ਹੀ ਉਸਦੇ ਪਾਸ ਕਿਸੇ ਤਰ੍ਹਾਂ ਦੇ ਰੂਪ ਰੰਗ ਲਈ ਕੋਈ ਵਿਸ਼ੇਸ਼ ਥਾਂ ਏਂ। ਚੂੰਕਿ ਉਹ ਆਪ ਨਿਆਰਾ ਏ, ਇਸ ਲਈ ਉਹ ਸਦ-ਸਦਾ ਨਿਆਰੇ ਭਗਤਾਂ ਦੀ ਸਾਰ ਕਰਦਾ ਏ।

ਮਨ ਜੀਤੈ ਜਗ ਜੀਤ, ਇਹੋ ਢੰਡੋਰਾ ਸੀ ਗੁਰੂ ਬਾਬਾ ਜੀ ਦਾ। ਅਥਵਾ ਜੇ ਕਾਇਆ ਮਾਂਜ ਸਵਾਰ ਮਨ ਨੂੰ ਸਾਧ ਲਿਆ ਜਾਵੇ ਤਾਂ ਸਾਰੀ ਸ੍ਰਿਸ਼ਟੀ ਗੁਰੂ ਸਵਾਰੇ ਲਈ ਉਸੇ 'ਆਦਿ' ਦਾ ਰੂਪ ਹੋਵੇ ਤੇ ਫਲ-ਸਰੂਪ:

ਨਾ ਕੋ ਬੈਰੀ ਨਾਹਿ ਬਿਗਾਨਾ
ਸਗਲ ਸੰਗ ਹਮ ਕਉ ਬਨਿ ਆਈ॥

ਕਾਇਆ ਸਵਾਰਣ ਲਈ ਸਤਿਗੁਰੂ ਦੀ ਸ਼ਰਣ ਲੈਣੀ ਜ਼ਰੂਰੀ ਏ ਨਹੀਂ ਤਾਂ ਹਰ ਥਾਂ ਭੰਬਲ ਭੂਸੇ ਤੇ ਡਾਂਗ ਡੰਗੂਸੇ ਹੀ ਵਿਚਰਣਗੇ, ਅਤੇ ਫਲਸਰੂਪ ਸਹੀ ਅਧਿਆਤਮਵਾਦ ਦੀ ਸਮਝ ਆਮ ਮਨੁਖੀ ਹਿਰਦਿਆਂ ਤੋਂ ਕੋਹਾਂ ਦੂਰ ਰਹਿ ਜਾਵੇਗੀ।

ਸ਼ਾਇਰ ਗੁਰੂ ਬਾਬਾ ਜੀ ਦੀ ਸ਼ੈਲੀ ਰਸੀਲੀ, ਬੋਲੀ ਹਠੀਲੀ ਤੇ ਤੁਕਾਂਤ ਬੜਾ ਗੁਹਜਮਈ ਏ। ਪਖੰਡ ਨੂੰ ਆਪ ਜੀ ਨੇ ਬਹੁਤ ਬੁਰੀ ਤਰ੍ਹਾਂ ਘਦੇਲਿਆ। ਬ੍ਰਾਹਮਣਵਾਦ ਤੇ ਮੁਸਲਮਾਨਾਂ ਦੇ ਹਰ ਆਚਾਰ ਵਿਚਾਰ ਨੂੰ ਆਪ ਜੀ ਨੇ ਆਪਣੇ ਡੂੰਘੇ ਤੇ ਵਿਸ਼ਾਲ ਦ੍ਰਿਸ਼ਟੀਕੋਣ ਦੁਆਰਾ ਘੋਖ, ਉਹਨਾਂ ਨੂੰ ਬਹੁਤ ਦਲੀਲਾਂ ਦੇ ਸਿਧੇ ਰਸਤੇ ਪਾਇਆ ਏ। ਕਰਮ ਕੀ ਹੋਵੇ? ਨੇਮੀ ਕਿਸਦੇ ਬਣਿਆ ਜਾਵੇ? ਸੁਚ ਕਿਸ ਚੀਜ਼ ਦੀ ਰਖੀ ਜਾਵੇ? ਇਤਿਆਦ ਆਪ ਜੀ ਨੇ ਘੁੰਡੀਆਂ ਖੋਲੀਆਂ।

ਆਪ ਜੀ ਦੀ ਰਚਨਾ ਦਾ ਵਿਸ਼ੈ ਵਸਤੂ ਬਹੁਤ


www.AKJ.org

ਦਲੀਲ ਮਈ ਏ। ਸਦਾ ਆਪ ਜੀ ਨੇ ਯਥਾਰਥ (ਅਸਲੀਅਤ) ਬਿਆਨੀ। ਬਾਬਰਵਾਣੀ ਆਪ ਜੀ ਦੀ ਜ਼ੁਲਮ ਦੇ ਖਿਲਾਫ਼ ਵਿਸ਼ੇਸ਼ ਰਚਨਾ ਏ। ਆਪ ਜੀ ਨੇ ਸੁਦਾ ਸਦਾ ਆਪਣੇ ਆਲੇ ਦੁਆਲੇ 'ਸਤਿ' ਦਾ ਪਹਿਰਾ ਕਰੜਾ ਰਖ ਕੇ ਸਦਾ ਸਦਾ ਇਕ ਅਕਾਲ ਪੁਰਖ ਦੀ ਆਰਾਧਨਾ ਦਾ ਉਪਦੇਸ਼ ਦਿਤਾ। 'ਸਤਿ' ਬਾਬਤ ਗੁਰੂ ਬਾਬਾ ਜੀ ਨੇ ਮੂਲ ਮੰਤਰ ਰੱਚ ਕੇ ਸਾਰੇ ਭੁਲੇਖੇ ਕਢ ਦਿਤੇ। ਅਰਥਾਤ ਏਕ (ਅਨੇਕ ਵਿਚ ਵਿਆਪਕ) ਤੇ ਏਕ ਦੀ ਵਿਆਪਕ ਸ੍ਰਿਸ਼ਟੀ ਕੂੜ ਹੁੰਦੀ ਹੋਈ ਵੀ ਇਸ ਵਿਚ ਏਕ ਦਾ ਪ੍ਰਕਾਸ਼ ਇਹ ਕੁਝ ਗੁਰੂ ਬਾਬਾ ਜੀ ਨੇ ਅਨੁਭਵ ਕੀਤਾ ਬਿਆਨਿਆ ਤੇ ਪ੍ਰਚਾਰਿਆ।

ਸਿਰਫ਼ 'ਏਕ' ਦੇ ਨਿਆਰੇਪਣ ਦੀ ਹੋਂਦ ਹੀ ਨਹੀਂ ਦਸੀ ਬਲਕਿ ਇਸਦੇ ਸੁਨਣ ਤੇ ਮੰਨਣ ਦੀਆਂ ਬਰਕਤਾਂ ਵੀ ਬਿਆਨੀਆਂ। ਉਸ ਪਰਮ-ਪ੍ਰਮਾਤਮਾ ਦੀ ਉਪਾਸ਼ਨਾ ਕਰਨ ਨਾਲ ਸਭ ਭਰਮ, ਪਖੰਡ, ਵਿਕਾਰ ਆਦਿ ਨਸ਼ਟ ਹੋ ਜਾਣਗੇ; ਇਹ ਸੀ ਐਲਾਨ ਗੁਰੂ ਬਾਬਾ ਜੀ ਦਾ। ਗੁਰੂ ਬਾਬਾ ਜੀ ਦੇ ਉਪਦੇਸ਼ ਉਹਨਾਂ ਹਨੇਰੇ ਰਸਤਿਆਂ ਲਈ ਚਾਨਣ ਨੇ, ਜਿਨ੍ਹਾਂ ਰਸਤਿਆਂ ਵਿਚ ਭਟਕੀ ਲੋਕਾਈ ਆਪਾ ਭੁਲ ਨਿਤ ਵਹਿਸ਼ੀ ਕਾਰਿਆਂ ਵਿਚ ਉਲਝ ਰਹੀ ਸੀ। ਇਕ ਪਾਸੇ ਜਬਰ ਸੀ ਤੇ ਦੂਸਰੇ ਪਾਸੇ ਗਊ-ਗਰੀਬ ਲੋਕਾਈ। ਰਾਜੇ—ਚੋਰ, ਮੁਕਦਮ ਕੁਤੇ, ਸ਼ੀਂਹ ਸਨ ਤੇ ਲੋਕ ਭੇਡਾਂ, ਗਿੱਦੜ ਆਦਿ ਸਿਆਣਪ ਨੇਕੀ ਕਿਸੇ ਵਿਰਲੇ ਹੀ ਮਰਜੀਵੜੇ ਪਾਸ ਸੀ ਤੇ ਉਹ ਪਹਾੜਾਂ ਦੀਆਂ ਕੁੰਦਰਾਂ ਵਿਚ ਜਾ ਛੁਪੇ ਸਨ ਚੂੰਕਿ ਉਹਨਾਂ ਪਾਸ ਦਲੇਰੀ ਨਹੀਂ ਸੀ ਤਾਂ ਜੋ ਉਹ ਸਮੇਂ ਦੀ ਸਮਕਾਲੀ ਹਾਲਤ ਨਾਲ ਨਜਿਠ ਸਕਣ। ਭਾਈ ਗੁਰਦਾਸ ਤੇ ਗੁਰ ਬਾਬਾ ਜੀ ਨੇ ਆਪ ਵੀ ਇਸ ਹਾਲਾਤ ਦੇ 'ਆਪਣੀ ਖਸਮ ਕੀ ਬਾਣੀ' ਵਿਚ ਬਹੁਤ ਸੁਹਣੇ ਚਿਤਰ ਖਿਚੇ ਨੇ।

ਨਤੀਜੇ ਵਜੋਂ, ਨਾਨਕ ਗੁਰੂ ਨੇ ਤੱਤ ਇਹ ਜਾਣਿਆ ਕਿ ਦਾਤਾ ਇਕ ਏ ਤੇ ਸਮੂੰਹ ਸ੍ਰਿਸ਼ਟੀ ਉਸਦੇ ਅਗੇ ਮੰਗਣ ਵਾਸਤੇ ਖੜੀ ਏ। ਉਸਦਾ ਪ੍ਰਕਾਸ਼ ਘਟਿ ਘਟਿ ਵਿਖੇ ਹੈ ਉਸਨੇ ਸ੍ਰਿਸ਼ਟੀ ਬਣਾ ਸਵਾਰ, ਇਕੋ ਵਾਰੀ ਹੀ ਉਸਦੇ ਪਲੇ ਪਾ ਦਿਤੈ। ਉਹ ਆਪ ਸੰਮੂਹ ਸ੍ਰਿਸ਼ਟੀ ਦੀ ਪ੍ਰਤਿਪਾਲ ਕਰ ਕਰ, ਆਪਣੀ ਰਚਨਾ ਦੇ ਅਨੰਤ ਰੰਗੀ ਕਾਰੇ ਵੇਖ ਵੇਖ ਵਿਗਸ ਰਿਹੈ। ਚੂੰਕਿ ਉਹੀ ਦਾਤਾ ਸਾਰੀ ਸ੍ਰਿਸ਼ਟੀ ਨੂੰ ਰਿਜ਼ਕ ਵੰਡ ਰਿਹੈ। ਕਿਸੇ ਵੀ ਮਨੁਖ ਦੀ ਅਯੋਗ ਚਾਕਰੀ ਨਾ ਕੀਤੀ ਜਾਏ ਅਥਵਾ ਅਣਖ ਦੀ ਜ਼ਿੰਦਗੀ ਜੀਵੀ ਜਾਏ।

ਜੇ ਪਤਿ ਲਥੀ ਲੇਖੇ ਪਾਇ ॥
ਸਭ ਹਰਾਮ ਜੇਤਾ ਕਿਛੁ ਖਾਇ ॥

ਭਗਤ ਜਨ ਉਸੇ ਦੀ ਉਸਤਤ ਵਿਚ ਮਖਮੂਰ ਨਾਮ-ਰੱਸ ਵਿਚ ਗ਼ਲਤਾਨ ਰਹਿ ਨਿਤਾ-ਪ੍ਰਤੀ ਕੀਰਤਨ ਨਾਮ ਵਿਚ ਸੁਰਤਿ ਜੋੜੀ ਰਖਦੇ ਨੇ। ਅਸੀਂ ਤੁੱਛ ਜੀਵ ਇਹੋ ਕੁਝ ਕਰੀਏ ਜੋ ਉਸਦਾ ਹੁਕਮ ਸਦਾ ਮੰਨ, ਸਦਾ ਸਦਾ ਉਸਦੀਆਂ ਦਾਤਾਂ ਦਾ ਸ਼ੁਕਰ-ਗੁਜ਼ਾਰ ਰਹਿ, ਹਉਮੈ ਆਦਿ ਕੀੜੇ ਤੋਂ ਬੱਚ ਅਕ੍ਰਿਤਘਣ ਨਾ ਬਣੀਏ, ਅਤੇ ਨਾਲੋ ਨਾਲ ਕਾਮ ਕ੍ਰੋਧ ਜਿਹੇ ਅਸਾਧ ਰੋਗਾਂ ਤੋਂ ਜੋ ਸਰੀਰ ਰੂਪੀ ਭਾਂਡੇ ਨੂੰ ਨਿਤ ਗਾਲਦੇ ਨੇ ਇਹਨਾਂ ਤੋਂ ਬਚਣ ਲਈ ਸਤਿਗੁਰੂ ਦੀ ਸ਼ਰਨ 'ਚ ਰਹੀਏ ਤੇ ਇਹ ਸਭ ਕੁਛ ਤਾਂ ਹੀ ਹੋ ਸਕਦਾ ਏ ਜੇਕਰ ਪਰਮ-ਪ੍ਰਮਾਤਮਾ ਦੀ ਵਿਸ਼ੇਸ਼ ਬਖ਼ਸ਼ਸ਼ ਹੋਵੇ :

ਜਿਨ ਕਉ ਨਦਰਿ ਕਰਮ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥

ਤੇ ਫਿਰ ਜਦੋਂ ਉਸਦੀ ਬਖਸ਼ਸ਼ ਹੋ ਜਾਵੇ; ਅਸੀਂ ਉਸ ਦੀ ਕ੍ਰਿਪਾ ਨਾਲ ਨਾਮ-ਅਭਿਆਸ ਵਿਚ ਨਿਤਾ-ਪ੍ਰਤੀ ਮਖ਼ਮੂਰ ਰਹੀਏ ਤੇ ਸਾਡੀ ਜਨਮ ਮਰਣ ਦੀ ਅਵਸਥਾ ਸਮਾਂ ਪਾ ਕੇ ਆਪੇ ਹੀ ਖ਼ਤਮ ਹੋ ਜਾਵੇ, ਅਥਵਾ :

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥


www.AKJ.org

# * ਅਨਮੋਲ ਰਤਨ *

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਲਿਖਤ 'ਜੇਲ੍ਹ ਚਿੱਠੀਆਂ' ਵਿਚੋਂ ਚੋਣਵੇਂ ਰਤਨ)

[ ਪਿਛੇ ਤੋਂ ਅਗੇ—ਨੰ: 9 ]

( ਸੰਗ੍ਰਹਿ ਕਰਤਾ—ਭਾਈ ਮਨਮੋਹਨ ਸਿੰਘ ਜੀ ਪਟਨਾ )

੭੦ ਦੂਜਾ ਕਾਰਨ ਇਹ ਸੀ ਕਿ ਪਾਰਟੀ ਦੀ ਘਾਲਣਾ ਕਰਕੇ ਦਸਤਾਰੇ ਤੇ ਹੋਰ ਸਭੇ ਪੰਜ ਕਕਾਰ ਮਿਲਣ ਮਿਲਣ ਦੀ ਮਨਜ਼ੂਰੀ ਹੋ ਗਈ ਸੀ ਅਤੇ ਜੇਲ੍ਹ ਮੈਨੂਅਲ ਵਿਚ ਕਾਇਦਾ ਭੀ ਬਣ ਚੁਕਾ ਸੀ। ਇਹ ਗਲ ਜੇਲ੍ਹ ਵਾਲੇ ਆਪਣੇ ਮੂੰਹੋਂ ਆਪ ਮੰਨ ਚੁਕੇ ਸਨ ਕਿ ਇਹ ਜੋ ਨਿਯਮ ਦਸਤਾਰ ਅਤੇ ਪੰਜ ਕਕਾਰ ਆਦਿਕ ਦਾ ਬਣਕੇ ਜੇਲ੍ਹ ਮੈਨੂਅਲ ਵਿਚ ਦਰਜ ਹੋ ਗਿਆ ਹੈ ਇਹ ਸਭ ਤੁਹਾਡੇ ਪੰਜਾਬ ਜੇਲ੍ਹਾਂ ਵਿਚ ਇਸ ਸਬੰਧੀ ਲਾਏ ਮੋਰਚਿਆਂ ਦਾ ਹੀ ਸਿਟਾ ਹੈ। (ਪੰਨਾ ੪੩੫)

੭੧ ਉਸ (ਭਾਈ ਕੇਹਰ ਸਿੰਘ ਸਾਨ੍ਹੇਵਾਲ) ਨਾਲ ਗਲਬਾਤ ਕੀਤੀ ਤਾਂ ਉਸ ਆਖਿਆ ਕਿ ਮੇਰੀ ਜਾਨ ਨਹੀਂ ਨਿਕਲਦੀ ਤੇ ਮੈਂ ਸਾਨ੍ਹੇਵਾਲ ਦੇ ਡਾਕੇ ਵਿਚ ਘਰ ਦੇ ਮਾਲਿਕ ਨੂੰ ਮਰਵਾਇਆ ਸੀ, ਤੇ ਮੈਂ ਹੀ ਡਾਕਾ ਪੁਵਾਇਆ ਸੀ। ਹੁਣ ਮਰੇ ਹੋਏ ਦੀ ਰੂਹ ਮੈਨੂੰ ਤੰਗ ਕਰਦੀ ਹੈ। ਉਸ ਦੀ ਗਰਦਨ ਵਿਚ ਚੋਟ ਲਗਨ ਨਾਲ ਹੀ ਉਹ ਮਾਰਿਆ ਸੀ ਤੇ ਮੈਨੂੰ ਭੀ ਬਹੁਤੀ ਤਕਲੀਫ ਗਰਦਨ ਵਿਚ ਹੀ ਹੈ। ਮੈਂ ਬੜੇ ਭਿਆਨਕ ਕਸ਼ਟ ਵਿਚ ਹਾਂ। (ਪੰਨਾ ੪੪੧)

੭੨ ਹਜ਼ਾਰੀ ਬਾਗ ਜੇਲ੍ਹ ਤੋਂ ਹਜ਼ਾਰੀ ਬਾਗ ਰੋਡ ਸਟੇਸ਼ਨ ਤਾਈਂ ਲੈਜਾਣ ਲਈ ਸਾਡੇ ਵਾਸਤੇ ਦੋ ਲਾਰੀਆਂ ਹਜ਼ਾਰੀ ਬਾਗ ਸ਼ਹਿਰ ਦੀ ਬੰਗਾਲੀਆਂ ਦੀ ਕੰਪਨੀ ਨਾਲ ਮਿਸਟਰ ਮੀਕ ਨੇ ਮਿਣ ਮਥ ਕੇ ਪ੍ਰਬੰਧ ਕੀਤਾ, ਤਾਂ ਕਿ ਸਿਖਾਂ ਵਾਲੀ ਕੰਪਨੀ ਦੀਆਂ ਲਾਰੀਆਂ ਨਾ ਲਿਜਾਣੀਆਂ ਪੈਣ। ਓਧਰ ਵੀਰ ਸੋਹਨ ਸਿੰਘ ਜੀ ਦੇ ਹਿਰਦੇ ਵਿਚ ਪ੍ਰੇਮ ਸਿੱਕ ਸੀ ਕਿ ਸਿੰਘ ਸਾਡੀਆਂ ਲਾਰੀਆਂ ਵਿਚ ਜਾਣ............ਪਰੰਤੂ ਵੀਰ ਜੀ ਦੇ ਰਿਦੇ ਦੀ ਸੁਧ ਕਾਮਨਾ ਸਤਿਗੁਰੂ ਨੇ ਭਾਣਾ ਵਰਤਾ ਕੇ ਪੂਰੀ ਕਰ ਹੀ ਦਿਤੀ। ਨੇਤ ਐਸੀ ਹੋਈ ਕਿ ਉਸ ਸਮੇਂ, ਉਸ (ਭਾਵ ਬੰਗਾਲੀ) ਕੰਪਨੀ ਪਾਸ ਕੋਈ ਲਾਰੀ ਤਿਆਰ ਨਹੀਂ ਸੀ। ਹਾਰ ਕੇ ਸਿੰਘ ਹੋਰਾਂ ਦੀਆਂ ਲਾਰੀਆਂ ਹੀ ਲੈ ਜਾਣੀਆਂ ਪਈਆਂ। ਵੀਰ ਸੋਹਣ ਸਿੰਘ ਜੀ ਦੀਆਂ ਖ਼ੁਸ਼ੀਆਂ ਦਾ ਅੰਤ ਨਾ ਰਿਹਾ। (ਪੰਨਾ ੪੪੩–੪੪੪)

੭੩ ਮੋਟਰਾਂ ਵਿਚ ਚੜ੍ਹਨ ਸਾਰ ਹੀ ਸਾਰੀ ਸੰਗਤ ਅਰਦਾਸੇ ਲਈ ਖਲੋ ਗਈ। ਅਰਦਾਸਾ ਕਰਨ ਦਾ ਹੁਕਮ ਦਾਸ ਨੂੰ ਹੋਇਆ। ਸਤਿਗੁਰੂ ਨੇ ਆਪ ਹੀ ਅਰਦਾਸ ਕਰਵਾਈ। ਅਤਿਅੰਤ ਹੀ ਅਧਿਭੁਤ ਕਲਾ ਵਰਤਾਈ। ਸਮਾਪਤੀ ਪਸਚਾਤ ਦੇਖਾਂ ਤਾਂ ਸਾਰੀ ਸੰਗਤ ਸਜਲ ਨੇਤ੍ਰ ਸੀ। ਇਕ ਸਨੱਾਟੇ ਦੇ ਆਲਮ ਛਾਇਆ ਹੋਇਆ ਸੀ। ਪੰਜ ਜੈਕਾਰੇ ਗਜਾਏ ਗਏ ਅਤੇ ਸ਼ਬਦ ਕੀਰਤਨ ਦੀ ਧੁਨੀ ਗੂੰਜ ਉਠੀ। ਵੇਖਣ ਵਾਲੀ ਸਾਰੀ ਲੁਕਾਈ ਹਲੂਣੀ ਗਈ। ਸਾਡੇ ਨਾਲ ਲਾਰੀਆਂ ਵਿਚ ਬੈਠੇ ਮਿਲਟਰੀ ਪੁਲਿਸ ਦੇ ਨੰਗੀਆਂ ਸੰਗੀਨਾ ਵਾਲੇ ਗੋਰਖਿਆਂ ਨੇ ਸੰਗੀਨਾਂ ਨਾਲ ਸਲਾਮੀ ਉਤਾਰੀ। (ਪੰਨਾ ੪੪੪–੪੪੫)

੭੪ ਵੀਰ ਸੋਹਣ ਸਿੰਘ ਜੀ ਨੇ ਬੜੀ ਹੀ ਤੀਬਰ ਇਛਿਆ ਪ੍ਰਗਟ ਕੀਤੀ ਕਿ ਜਦੋਂ ਗੁਰੂ ਨੇਤ ਅਨੁਸਾਰ ਬੰਦ ਖਲਾਸੀਆਂ ਪ੍ਰਾਪਤ ਹੋ ਜਾਣ ਤਾਂ ਕੀਰਤਨੀ ਜਥਾ ਲੈ ਕੇ ਏਧਰ ਆਵੋ। ਏਧਰ ਪਿੰਡਾਂ ਦੇ ਪਿੰਡ ਗੁਰਮਤਿ ਗ੍ਰਹਿਣ ਕਰਨ ਨੂੰ ਤਿਆਰ ਹਨ। ਖਾਸ ਕਰ ਪਾਰਸ ਨਾਥ ਪਹਾੜ ਉਤੇ ਬੜੀ ਸੁਖੈਨ ਸਹਿਜਤਾ ਸੇਤੀ ਗੁਰੂ ਨਾਨਕ


www.AKJ.org

ਸਾਹਿਬ ਜੀ ਦੇ ਨਿਰਮਲ ਖਾਲਸਾ ਪੰਥ ਦਾ ਸਿੱਕਾ ਜੰਮ ਸਕਦਾ ਹੈ । ਉਥੇ ਦੇ ਵਸਨੀਕ ਜੈਨੀ ਹਨ। ਪਰ ਗੁਰੂ ਨਾਨਕ ਸਾਹਿਬ ਉਪਰ ਬੜੀ ਅਪਾਰ ਸ਼ਰਧਾ ਰਖਦੇ ਹਨ । (ਪੰਨਾ ੪੪੭–੪੪੮)

੧੫ ਜਦੋਂ ਗੱਡੀ ਵਿਚ ਆਉਂਦਿਆਂ ਰਾਤ ਨੂੰ ਸਾਰੇ ਸਿਪਾਹੀ ਸਾਰਜੰਟ ਆਦਿ ਸੁਸਰੀ ਵਾਂਗੂੰ ਸਉਂ ਗਏ ਸਨ ਅਤੇ 'ਸਿਰੀਮਾਨ ਜੀ' ਦੇ ਖਾਲਸਈ ਖਿਤਾਬ ਵਾਲੇ ਸਿਰੀ ਭਾਈ ਗੁਜਰ ਸਿੰਘ, ਨਿਹੰਗ ਗੰਡਾ ਸਿੰਘ ਆਦਿਕ ਵੀਰਾਂ ਨੇ ਉਹਨਾਂ ਪਾਸੋਂ ਸਾਰੀਆਂ ਸੰਗੀਨਾ ਸੰਞੁਕਤੀ ਭਰੀਆਂ ਭਰਾਤੀਆਂ ਰਫਲਾਂ (ਬੰਦੂਕਾਂ)ਗੋਲੀ ਗਠੇ ਸਮੇਤ ਖਿਸਕਾਕੇ ਇਕੱਠੀਆਂ ਆਪਣੇ ੨ ਖਾਨੇ 'ਚ ਕਾਬੂ ਕਰਕੇ ਦਾਸ ਨੂੰ ਦਿਖਾ ਦਿਤੀਆਂ ਸਨ ਅਤੇ ਹਰਨ ਹੋਣ ਦਾ ਇਸ਼ਾਰਾ ਹੀ ਭਾਲਦੇ ਸਨ, ਪਰੰਤੂ ਦਾਸ ਨੇ ਉਹਨਾਂ ਪਾਸ ਬੇਨਤੀ ਕੀਤੀ ਸੀ ਕਿ ਅਸੀਂ ਕਿਸੇ ਤੋਂ ਬਦਲਾ ਇਸ ਭਾ ਤੇ ਨਹੀਂ ਲੈਣਾ । ਏਹ ਖਾਲਸਾ ਦੀ ਮਰਿਟ ਨਹੀਂ ।.........

.........ਸਾਡੇ ਇਹਨਾਂ ਸਰਕਾਰੀ ਰਾਖੇ ਰਖਵਾਲਿਆਂ ਨੂੰ ਏਤਨੀ ਸ਼ਰਮਿੰਦਗੀ ਬਥੇਰੀ ਹੈ ਕਿ ਉਹਨਾਂ ਨੂੰ ਇਕ ਇਕ ਨੂੰ ਜਗਾ ਕੇ ਹਰੇਕ ਦਾ ਆਪੋ ਅਪਣਾ ਰਫਲ ਗੋਲੀ ਗਠਾ ਉਹਨਾਂ ਨੂੰ ਸੌਂਪ ਦੇਵੋ । ਸੋ ਐਸਾ ਹੀ ਕੀਤਾ ਗਿਆ ਸੀ । ਜਿਸ ਖਾਲਸਈ ਦਿਲਾਵਰੀ ਨੂੰ ਦੇਖ ਕੇ ਉਹ ਦੰਗ ਰਹਿ ਗਏ ਸਨ। ਸੋ ਖਾਲਸਈ ਦਿਲਾਵਰੀ ਸਹਿਨਸ਼ੀਲਤਾ ਵਾਲੀ ਸੂਰਮਗਤੀ ਵਿਚ ਵਧੀਕ ਹੈ, ਬਦਲਾ ਲਊ ਪਾਲਿਸੀ ਵਿਚ ਨਹੀਂ ।

(ਪੰਨਾ ੪੬੫)

੧੬ ਜਦੋਂ ਅਧ ਵਿਚਾਲੇ ਆਏ ਤਾਂ ਸੰਘਣੇ ਬਗੀਚੇ ਵਿਚੋਂ ਇਕ ਜੋਸ਼ੀਲਾ ਮਦਰਾਸੀ ਦੌੜਿਆ ਆਉਂਦਾ ਨਜ਼ਰ ਪਿਆ । ਅਸੀਂ ਸਾਰਿਆਂ ਬੈਲ ਗਡੀ ਵਿਚ ਬੈਠਿਆਂ ਪਿਛੇ ਨੂੰ ਝਾਤੀ ਮਾਰੀ ਤਾਂ ਕੀ ਦੇਖਦੇ ਹਾਂ ਕਿ ਉਹ ਜੋਸ਼ੀਲਾ ਜਵਾਨ ਬੜੇ ਰੋਹ ਵਿਚ ਧਾਈ ਕਰੀ ਚਲਿਆ ਆ ਰਿਹਾ ਹੈ । ਉਸ ਦੇ ਹਥ ਵਿਚ ਛੁਰਾ ਵੀ ਹੈ। ਬੜੇ ਤੇਜ਼ ਅਤੇ ਚਮਕਦਾਰ ਹਥਿਆਰ ਨੰਗਾ ਕਰੀ ਅਤੇ ਉਭਾਰੀ ਗੋਰੇ ਅਫਸਰ ਦੀ ਗਰਦਨ ਤੇ ਸਵਾਰ ਹੁੰਦਾ ਹੋਇਆ ਆ ਰਿਹਾ ਹੈ । ਉਸ ਦੇ ਗਜ਼ਬਨਾਕ ਵਤੀਰੇ ਤੋਂ ਐਉਂ ਪਰਤੀਤ ਹੁੰਦਾ ਸੀ ਕਿ ਇਹ ਇਕ ਛਿਨ ਪਲ ਵਿਚ ਹੀ ਗੋਰੇ ਦਾ ਕੰਮ ਤਮਾਮ ਕਰ ਦੇਵੇਗਾ । ਗੋਰਾ ਅਫਸਰ ਆਪਣੇ ਖਿਆਲ ਵਿਚ ਹੀ ਦਬਾਦਬ ਤੁਰਿਆ ਜਾ ਰਿਹਾ ਸੀ, ਉਸ ਨੂੰ ਰੰਚਕ ਭੀ ਖਬਰ ਨਹੀਂ ਸੀ ਕਿ ਉਸ ਦੇ ਸਿਰ ਤੇ ਕਹਿਰ ਵਰਤਨ ਵਾਲਾ ਹੈ। ਦੇਵ ਨੇਤ ਅਸਾਡੀ ਨਿਗਾਹ ਐਨ ਵੇਲੇ ਸਿਰ ਇਸ ਝਾਕੇ ਵਲ ਪੈ ਗਈ, ਨਹੀਂ ਤਾਂ ਇਹ ਸਾਕਾ ਜ਼ਰੂਰ ਵਰਤ ਜਾਣਾ ਸੀ । ਐਨ ਓਸੇ ਛਿਨ ਉਸ ਜਹਾਦੀ ਦੀ ਨਜ਼ਰ ਦਾਸ ਦੀ ਨਜ਼ਰ ਨਾਲ ਲੜ ਗਈ। ਦਾਸ ਨੇ ਤਤ ਛਿਨ ਦੋਵੇਂ ਹਥ ਜੋੜਕੇ ਉਸਨੂੰ ਸਿਰ ਹਿਲਾਵੇਂ ਇਸ਼ਾਰੇ ਨਾਲ ਇਸ ਹਰਕਤ ਵਲੋਂ ਰੋਕਿਆ ਅਤੇ ਨਾਲ ਦੇ ਚੌਹਾਂ ਸਾਥੀਆਂ ਨੂੰ ਵੀ ਦਾਸ ਨੇ ਗੁਪਤੋਂ ਗੁਪਤੀ ਪ੍ਰੇਰਨਾ ਇਹੀ ਕੀਤੀ ਕਿ ਉਹ ਵੀ ਹਥ ਜੋੜਨ ਅਤੇ ਉਸ ਨੂੰ ਇਸ ਕਾਰੇ ਤੋਂ ਰੋਕਣ । ਸੋ ਸਾਰਿਆਂ ਨੇ ਤੱਤ ਛਿਨ ਇਕੋਵਾਰ ਹਥ ਜੋੜ ਕੇ ਉਸ ਨੂੰ ਪਿਛਾਂਹ ਪਰਤਨ ਲਈ ਗੂੜ੍ਹ ਇਸ਼ਾਰੇ ਕੀਤੇ । ਉਹ ਸਾਡੇ ਇਹਨਾਂ ਇਸ਼ਾਰਿਆਂ ਤੋਂ ਮੁਤਾਸਰ ਹੋ ਕੇ ਪਿਛੇ ਹਟ ਗਿਆ ਅਤੇ ਛੁਰਾ ਆਪਣੀ ਬਗਲ ਵਿਚ ਦਬਾਕੇ ਸੜਕ ਕਿਨਾਰੇ ਦੇ ਸੰਘਣੇ ਬਣ ਵਿਖੇ ਜਾ ਵੜਿਆ, ਜਾਂਦਾ ਜਾਂਦਾ ਹੱਸ ਕੇ ਸਾਨੂੰ ਨਮਸਕਾਰ ਭੀ ਕਰ ਗਿਆ । ਇਸ ਸਾਰੇ ਬਿਰਤਾਂਤ ਵਰਤਾਰੇ ਦਾ ਉਸ ਗੋਰੇ ਅਫਸਰ ਨੂੰ ਮਾਸਾ ਭੀ ਪਤਾ ਨਹੀਂ ਲਗਾ ਕਿ ਅਚਿੰਤੇ ਬਾਜ਼ ਪੈਂਦੇ ਪੈਂਦੇ ਕਿਵੇਂ ਰਹਿ ਗਏ ।

*(ਪੰਨਾ ੪੬੬—੬੭)*

੧੭ ਜਾਣ ਸਾਰ ਅਸੀਂ ਬੜਾ ਹੀ ਸ਼ਰਮਸਾਰ ਹੋਣ ਵਾਲਾ ਨਜ਼ਾਰਾ ਦੇਖਿਆ । ਜੇਲ੍ਹ ਗੇਟੋਂ ਬਾਹਰ, ਬਾਹਰਲੀ ਕਮਾਣ ਵਿਚ ਕੰਮ ਲਈ ਜਾਣ ਵਾਲੇ ਕੈਦੀ ਕਾਲੇ ਧੂਸ ਰੰਗ ਵਾਲੇ ਨੰਗ ਮਲੰਗ ਬੇ-ਪੜਦ ਖੜੇ ਕੀਤੇ ਹੋਏ ਹਨ। ਉਹਨਾਂ ਦੇ ਤੇੜ ਦੀਆਂ ਲੰਗੋਟੀਆਂ (ਕਪੀਨਾ) ਭੀ ਲੁਹਾਈਆਂ ਹੋਈਆਂ ਹਨ । ਜਰਵਾਣੇ ਉਹਨਾਂ ਦੀ ਬੜੀ ਬੇਹਿਆਈ ਨਾਲ ਤਲਾਸ਼ੀ ਲੈ ਰਹੇ ਹਨ।...... ਅੰਦਰ ਜਾਣ ਵਾਲਿਆਂ ਦੀ ਭੀ ਅੰਦਰੋਂ ਬਾਹਰ ਔਣ ਵਾਲੇ ਕੈਦੀਆਂ ਦੀ ਏਸ ਜ਼ਿੱਲਤ ਭਰੀ ਖੁਆਰੀ ਨਾਲ ਤਲਾਸ਼ੀ ਲਈ ਜਾਂਦੀ ਸੀ। ਅਸੀਂ ਗੁਰੂ ਆਸਰੇ ਚੜ੍ਹਦੀਆਂ ਕਲਾਂ ਵਿਚ ਨਿਧੜਕ ਅੰਦਰ ਜਾ ਵੜੇ ।

(ਪੰਨਾ ੪੬੮)

੧੮ ਪਹਿਲਾਂ ਉਹਨਾਂ ਭਾਂਡਿਆਂ ਦੇ ਤੋੜਨ ਬਾਬਤ ਪੁਛਿਆ ਤਾਂ ਸਿਖੀ ਅਤੇ ਪੰਜਾਬੀ ਦਸਤੂਰ ਮੂਜਬ ਜੇਲਰ ਨੂੰ


www.AKJ.Org

ਸਪਸ਼ਟ ਕਰ ਦਿਤਾ ਗਿਆ ਕਿ ਅਸੂਲਨ ਮਿਟੀ ਦਾ ਭਾਂਡਾ ਅਸੀਂ ਇਕ ਵਾਰ ਹੀ ਖਾ ਪੀ ਕੇ ਭੰਨ ਛਡਿਆ ਕਰਾਂਗੇ...........ਅਸੀਂ ਮਦਰਾਸੀ ਕੈਦੀਆਂ ਵਾਂਗ ਇਹਨਾਂ ਵਿਚ ਖਾਣ ਤੇ ਇਨ੍ਹਾਂ ਇਹਨਾਂ ਨਾਲ ਹੀ ਟੱਟੀ ਵਾਲੇ ਹਥ ਧੋਣ ਨੂੰ ਤਿਆਰ ਨਹੀਂ। ਬਾਕੀ ਰਹੀ ਕਪੜਿਆਂ ਦੀ, ਕੁੜਤਾ ਅਤੇ ਨਿੱਕਰ ਤਾਂ ਅਸੀਂ ਵਰਤ ਲਵਾਂਗੇ ਪਰ ਨਾਲ ਹੀ ਕਛਹਿਰੇ ਅਤੇ ਪਗੜੀਆਂ ਪੰਜਾਬ ਗਵਰਨਮੈਂਟ ਦੇ ਨਵੇਂ ਘੜੇ ਕਾਨੂੰਨ ਅਨੁਸਾਰ ਅਸੀਂ ਲੈ ਕੇ ਹੀ ਛਡਾਂਗੇ।

(ਪੰਨਾ ੪੭੦)

੭੯ ਕੋਠੀਆਂ ਵਿਚ ਪੁਜਕੇ ਸਾਨੂੰ ਇਕ ਨਵੀਂ ਝਾਕੀ ਦਿਸੀ, ਉਹ ਸੀ ਕਿ ਪਹਿਲਾਂ ਤਾਂ ਹਰ ਇਕ ਕੈਦੀ ਟਟੀ ਪਿਸ਼ਾਬ ਵਾਲਾ ਭਾਂਡਾ ਆਪ ਹੀ ਚੁਕ ਕੇ ਟਟੀਆਂ ਤਾਈਂ ਲੈ ਜਾਂਦਾ ਅਤੇ ਪਾਣੀ ਪੀਣ ਵਾਲੇ ਮਟਕੇ ਵਿਚ ਹਥ ਧੋਣ ਨੂੰ ਪਾਣੀ ਵੀ ਭਰ ਲੈਂਦਾ, ਫੇਕ ਇਕ ਖੁਲ੍ਹੇ ਕਮਰੇ ਵਿਚ ਸਾਹਮਣੀ ਕੰਧ ਵਲ ਮੂੰਹ ਕਰਕੇ ਅਤੇ ਪਿਠ ਬੂਹੇ ਵਲ ਕਰਕੇ ਜਿਥੇ ਕਿ ਹੋਰ ਕੈਦੀ ਟਟੀ ਜਾਣ ਲਈ ਵਾਰੀ ਦੇ ਉਡੀਕਵਾਨ ਖੜ੍ਹੇ ਹੁੰਦੇ ਹਨ, ਟੱਟੀ ਪਿਸ਼ਾਬ ਬੈਠਦਾ ਹੈ, ਅਸੀਂ ਸਾਰੇ ਆਪੋ ਵਿਚ ਆਪਣਿਆਂ ਬਲਾਕਾਂ ਵਿਚੋਂ ਖੋਹਲੇ ਗਏ। ਪਹਿਲਾਂ ਤਾਂ ਅਸੀਂ ਸਾਰਿਆਂ ਨੇ ਟੱਟੀ ਪਿਸ਼ਾਬ ਵਾਲੇ ਭਾਂਡੇ ਹੀ ਨਾ ਚੁਕੇ। ਕੁਜਿਆਂ ਦੇ ਥਾਉਂ ਤਸਲਿਆਂ ਵਿਚ ਪਾਣੀ ਲੈ ਤੁਰੇ। ਜਦ ਟਟੀ ਹੋਣ ਦਾ ਨਜ਼ਾਰਾ ਡਿਠਾ ਤਾਂ ਅਸੀਂ ਅਜੇਹੇ ਕਮਰੇ ਵਿਚ ਕੈਦੀਆਂ ਜਾਂ ਪਹਿਰੇ ਵਾਲੇ ਖੜਿਆਂ ਤੋਂ ਟਟੀ ਫਿਰਨੋਂ ਇਨਕਾਰ ਕਰਕੇ ਵਾਪਸ ਕੋਠੀਆਂ ਨੂੰ ਹੀ ਮੁੜ ਆਏ। (ਪੰਨਾ ੪੭੧)

੮੦ ਦੂਜੀ ਗਲ ਅਸੀਂ ਉਹਨਾਂ ਤੋਂ ਇਹ ਮਨਵਾਈ ਕਿ ਅਸੀਂ ਬਸਤਰ ਜੇਲ੍ਹ ਦੀ ਬਣੀ ਹੋਈ ਲਕੀਰ (ਧਾਰੀ ਵਾਲ਼ੇ) ਵਾਲੇ ਕਪੜੇ ਦੇ ਦਸਤਾਰ ਅਤੇ ਕਛਹਿਰੇ ਨਹੀਂ ਪਹਿਨਾਂਗੇ। (ਪੰਨਾ ੪੭੪)

੮੧ ਨਾ ਮਿਲਵਰਤਨ ਦੀ ਲਹਿਰ ਏਹਨੀਂ ਦਿਨੀਂ ਬੜੇ ਜ਼ੋਰਾਂ ਉਤੇ ਸੀ। ਕਾਂਗਰਸ ਦੇ ਕੈਦੀਆਂ ਨਾਲ ਜੇਲ੍ਹ ਭਰ ਗਈ। ਦੋ ਤਿੰਨ ਸੌ ਦੇ ਕਰੀਬ ਕਾਂਗਰਸੀ ਤੇ ਆਂਧਰਾ ਦੇ ਵਖੋ ਵਖ ਜ਼ਿਲਿਆਂ ਦੇ ਬੜੇ ਬੜੇ ਨਾਮੀ ਗ੍ਰਾਮੀ ਲੀਡਰ ਭੀ ਏਸ ਜੇਲ੍ਹ ਅੰਦਰ ਆ ਗਏ। ਉਹ ਵਿਚਾਰੇ ਬਥੇਰੇ ਤਰਲੇ ਲੈਣ ਕਿ ਚੰਗਾ ਖਾਣਾ ਦਾਣਾ ਮਿਲੇ ਅਤੇ ਚੰਗਾ ਸਲੂਕ ਹੋਵੇ, ਪਰ ਜੇਲ੍ਹ ਵਾਲੇ ਉਨ੍ਹਾਂ ਨੂੰ ਪੁਛਣ ਹੀ ਨਾ, ਪਏ ਲੇਲੜ੍ਹੀਆਂ ਕਢਦੇ ਫਿਰਨ। ਜਿਉਂ ਜਿਉਂ ਇਹ ਲੇਲੜੀਆਂ ਕਢਣ ਤਿਉਂ ਤਿਉਂ ਜੇਲ੍ਹ ਵਾਲੇ ਹੋਰ ਕਰੜੇ ਹੁੰਦੇ ਜਾਣ। ਜਿਨ੍ਹਾਂ ਬਾਹਰ ਚੰਗਾ ਚੋਖਾ ਖਾਧਾ ਅਤੇ ਬੈਰਿਸਟਰੀਆਂ ਕੌਂਸਲਾਂ ਦੀਆਂ ਮੈਂਬਰੀਆਂ ਕੀਤੀਆਂ ਹੋਣ ਭਲਾ ਉਹਨਾਂ ਤੋਂ ਰਾਗੀ (ਸਰ੍ਹੋਂ ਵਰਗੇ ਕਾਲੇ ਰੰਗ ਦੇ ਦਾਣੇ ਹੁੰਦੇ ਹਨ ਜੋ ਮਦਰਾਸ ਵਿਚ ਗਰੀਬ ਜਾਤ ਵਾਲੇ ਖਾਸ ਵਰਤੇ ਹਨ) ਅਤੇ ਕੱਚੇ ਭੁੰਨੇ ਚੌਲ ਕਿਵੇਂ ਖਾਧੇ ਜਾਣ। ਕਈਆਂ ਦੀ ਤਾਂ ਖਾਲਸੇ ਨਾ ਸੰਭਾਲ ਪ੍ਰਤਿਪਾਲ ਕੀਤੀ। ਉਨ੍ਹਾਂ ਵਿਚਾਰਿਆਂ ਨੂੰ ਜਦ ਨਿੰਬੂ ਅਚਾਰ ਜਾਂ ਖੰਡ ਦੀ ਲੋੜ ਪਏ ਤਾਂ ਇਕ ਹਮਦਰਦ ਡਾਕਟਰ ਵੈਨਕਟ੍ਰਮ (ਜੋ ਕਿ ਜੇਲ੍ਹ ਹਸਪਤਾਲ ਦਾ


www.AKJ.org

ਇੰਚਾਰਜ ਸੀ) ਪਾਸ ਪੁਜਣ ਅਤੇ ਉਸ ਤੋਂ ਥੋੜੀ ਮੰਗ ਕੇ ਲੈ ਆਉਣ। ਉਸ ਨੇ ਕਈ ਵਾਰ ਕਾਂਗਰਸੀ ਲੀਡਰਾਂ ਨੂੰ ਆਖਿਆ ਕਿ ਮੈਂ ਜੋ ਕੁਝ ਭੀ ਮੇਰੇ ਅਖ਼ਤਿਆਰ ਹੈ ਦੇਈ ਜਾਵਾਂਗਾ ਪਰ ਮੈਨੂੰ ਤੁਹਾਡੇ ਤਰੀਕੇ ਚੰਗੇ ਨਹੀਂ ਲਗਦੇ। ਪੰਜਾਬੀ ਸਿਖ ਪਹਿਲਾਂ ਗਿਣਤੀ ਦੇ ਪੰਜ ਹੀ ਸਨ, ਉਹਨਾਂ ਸਭ ਕੁਛ ਮਨਜ਼ੂਰ ਕਰਵਾ ਲਿਆ ਹੈ। ਤੁਸੀਂ ਤਾਂ ਪੰਜ ਛੇ ਸੌ ਦੀ ਗਿਣਤੀ ਵਿਚ ਹੋ, ਬੜੀ ਸ਼ਰਮ ਦੀ ਗਲ ਹੈ ਕਿ ਇਤਨੇ ਇਲਮਦਾਰ ਹੋ ਕੇ ਤੁਸੀਂ ਭੋਰਾ ਭੋਰਾ ਚੀਜ਼ ਵਾਸਤੇ ਲੇਲੜੀਆਂ ਕਢਦੇ ਫਿਰਦੇ ਹੋ, ਇਕ ਜਾਨ ਹੋ ਕੇ ਜੋ ਚਾਹੋ ਮਨਾ ਸਕਦੇ ਹੋ। ਤੁਹਾਡੇ ਵਿਚੋਂ ਹੀ ਇਕ ਦੋ ਮੁਸਲਮਾਨ ਨਾ-ਮਿਲਵਰਤਣੀ ਕੈਦੀਆਂ ਨੇ ਪੰਜਾਬੀ ਖਾਣਾ ਤੇ ਕਪੜੇ ਤਿੰਨ ਤਿੰਨ ਚਾਰ ਚਾਰ ਦਿਨ ਹੀ ਭੁਖ ਹੜਤਾਲ ਕਰਕੇ ਲੈ ਲਏ ਹਨ......ਉਨ੍ਹਾਂ ਵਿਚੋਂ ਆਪਣੇ ਵਾਲੰਟੀਅਰਾਂ ਦੀ ਕਮਜ਼ੋਰ ਦਿਲੀ ਨੂੰ ਦਸ ਕੇ ਇਕ ਲੀਡਰ ਬੋਲਿਆ:- ਕੀ ਕਰੀਏ ਸਾਡੇ ਨੌਜਵਾਨ ਛੋਕਰੇ ਤਾਂ ਚਾਰ ਘੰਟੇ ਦੀ ਭੁਖ ਹੜਤਾਲ ਨਹੀਂ ਸਹਿ ਸਕਦੇ। ਜਦ ਸੁਪ੍ਰਟੰਡੈਂਟ ਨੇ ਮੂਰਤੀ ਨਾਮੇ ਲੜਕੇ ਦੇ ਚਪੇੜ ਮਾਰੀ ਸੀ ਤਾਂ ਅਸੀਂ ਸਾਰਿਆਂ ਨੇ ਭੁਖ ਹੜਤਾਲ ਕਰ ਦਿਤੀ। ਅਸੀਂ ਖਾਣਾ ਤਾਂ ਮੋੜ ਬੈਠੇ ਪਰ ਸਾਡੇ ਅਧੋਂ ਬਹੁਤੇ ਸਾਥੀਆਂ ਨੇ ਕੁਝ ਪੰਜਾਬੀਆਂ ਤੋਂ ਅਤੇ ਕੁਝ ਮਦਰਾਸੀ ਕੈਦੀਆਂ ਤੋਂ ਖਾਣਾ ਚੋਰੀ ਮੰਗਾ ਕੇ ਖਾ ਲਿਆ ਅਤੇ ਜੇਲਰ ਨੇ ਕਈਆਂ ਦੀਆਂ ਚੋਰੀ ਹਾਂਡੀਆਂ ਚਾੜੀਆਂ ਹੀ ਆ ਫੜੀਆਂ। ਜੇਲਰ ਨੇ ਸਾਨੂੰ ਖਾਸ ਕਰਕੇ ਲੀਡਰਾਂ ਨੂੰ ਬੜਾ ਹੀ ਸ਼ਰਮਿੰਦਾ ਕੀਤਾ। (ਪੰਨਾ ੪੭੮-੪੭੯)

---

## ਸ਼ਹਿਰ ਅੰਬਾਲਾ ਵਿਖੇ ਰੈਣ ਸਬਾਈ ਕੀਰਤਨ

ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਵਲੋਂ 11 ਅਕਤੂਬਰ 1969 ਨੂੰ ਇਤਿਹਾਸਕ ਗੁਰਦੁਆਰਾ ਮੰਜੀ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪੰਜ ਸੌ ਸਾਲਾ ਪੁਰਬ ਦੀ ਖੁਸ਼ੀ ਵਿਚ ਅਦੁੱਤੀ ਰੈਣ ਸਬਾਈ ਕੀਰਤਨ ਸਮਾਗਮ ਹੋਵੇਗਾ, ਜਿਸ ਵਿਚ ਦੂਰ ਦੂਰ ਤੋਂ ਕੀਰਤਨੀ ਜਥੇ ਪੁਜ ਰਹੇ ਹਨ। ਇਸ ਲਈ ਸਰਬੱਤ ਸੰਗਤਾਂ ਹਾਜ਼ਰੀ ਭਰਕੇ ਆਪਣਾ ਜਨਮ ਸਫ਼ਲਾ ਕਰਨ।

ਗੁਰੂ ਪੰਥ ਦਾ ਦਾਸ—ਸੋਹਨ ਸਿੰਘ
ਮੈਨੇਜਰ, ਗੁ: ਪ੍ਰਬੰਧਕ ਕਮੇਟੀ, ਗੁਰਦੁਆਰਾ ਮੰਜੀ ਸਾਹਿਬ,
ਅੰਬਾਲਾ ਸ਼ਹਿਰ।

---

**ਗੁਰਮਿਤ ਸਬੰਧੀ ਪੁਸਤਕਾਂ**—ਜਦੋਂ ਵੀ ਤੁਹਾਨੂੰ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਰਚਿਤ ਗੁਰਮਤਿ ਸੰਬੰਧੀ ਪੁਸਤਕਾਂ ਮੰਗਾਉਣ ਦੀ ਲੋੜ ਪਵੇ ਤਾਂ ਸੂਰਾ ਪੁਸਤਕ ਭੰਡਾਰ, ਰਾਘੋਮਾਜਰਾ ਪਟਿਆਲਾ ਤੋਂ ਮੰਗਾਉ। ਸੂਚੀ ਪੱਤਰ ਮੁਫ਼ਤ ਮਿਲ ਸਕਦਾ ਹੈ। ਦਾਸ—ਮੈਨੇਜਰ, ਸੂਰਾ ਪੁਸਤਕ ਭੰਡਾਰ, ਪਟਿਆਲਾ।


www.AKJ.Org

# ✢ ਖਾਲਸਾ ਜੀ ਤੇ ਕੇਸ ✢

(ਵਲੋਂ–ਗਿਆਨੀ ਜਸਮੇਰ ਸਿੰਘ ਜੀ 'ਪਾਲ')

ਕੇਸਾਂ ਦਾ ਸਿਖੀ ਨਾਲ ਗੂੜਾ ਸਬੰਧ ਹੈ। ਕੇਸ਼ਵ ਅਕਾਲ ਪੁਰਖ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਨੇਕਾਂ ਥਾਵਾਂ ਤੇ ਆਇਆ ਹੈ। ਅਕਾਲ ਪੁਰਖ ਕੇਸਾ ਧਾਰੀ ਹੈ। ਸਿਖ ਗੁਰੂ ਸਾਹਿਬਾਨ ਤੋਂ ਪਹਿਲਾਂ ਹਿੰਦੂਆਂ ਦੇ ਵਡੇ ਵਡੇਰੇ, ਰਿਸ਼ੀ ਮੁਨੀ, ਅਵਤਾਰ, ਪੀਰ ਪੈਗੰਬਰ ਸਾਰੇ ਕੇਸਾ ਧਾਰੀ ਸਨ। ਸ਼ਿਵਜੀ ਦੇ ਕੇਸਾਂ ਵਿਚ ਗੰਗਾ ਨੂੰ ਵਗਦੀ ਦਸਿਆ ਹੈ। ਪੁਰਾਤਨ ਸਮਿਆਂ ਵਿਚ ਜੇਕਰ ਕਿਸੇ ਨੂੰ ਸਖਤ ਤੋਂ ਸਖਤ ਸਜ਼ਾ ਦਿਤੀ ਜਾਂਦੀ ਸੀ ਤਦ ਉਸ ਦੇ ਕੇਸ ਕਟ ਲਏ ਜਾਂਦੇ ਸਨ। ਅਰਜਨ ਨੇ ਅਸਵਥਾਂਮਾ ਦੇ ਕੇਸ ਕਟ ਲਏ ਸਨ। ਕੇਸਾਂ ਤੋਂ ਬਿਨਾਂ ਮਨੁਖਤਾ ਅਪੂਰਨ ਹੈ। ਕੇਸਾਂ ਨਾਲ ਸੰਪੂਰਨਤਾ ਹੈ। ਕੌਮਾਂ ਉਹੋ ਜ਼ਿੰਦਾ ਰਹਿ ਸਕਦੀਆਂ ਹਨ ਜੋ ਅਪਣੀ ਪਰੰਪਰਾ ਨਹੀਂ ਛਡਦੀਆਂ। ਹਿਟਲਰ ਆਖਿਆ ਕਰਦਾ ਸੀ ਕਿ ਅਪਣੀਆਂ ਚੀਜ਼ਾਂ ਦੀ ਕਦਰ ਕਰੋ। ਪਰ ਸਮੇਂ ਦੇ ਰੰਗ ਅਜੀਬ ਹਨ। ਅੱਜ ਸਿੱਖ ਗਭਰੂ ਧੜਾ ਧੜ ਪਤਿਤ ਹੋ ਰਹੇ ਹਨ। ਕਈਆਂ ਦੇ ਸਿਰਾਂ ਵਿਚ ਟਾਕੀਆਂ ਹਨ। ਕਈਆ ਨੇ ਕਰੜ ਬਰੜੀ ਦਾਹੜੀ ਬਣਾਈ ਹੋਈ ਹੈ। ਗੁਰ ਆਸ਼ੇ ਦੀ ਪ੍ਰਤੀਤ ਗੁੰਮ ਹੋਈ ਜਾਪਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਪਹਿਲੇ ਸਾਰੇ ਸਿੱਖ ਗੁਰੂ ਕੇਸਾਧਾਰੀ ਸਨ। ਪੁਰਾਤਨ ਰਹਿਤਨਾਮਿਆਂ ਵਿਚ ਜਿਥੇ ਸਿਖਾਂ ਨੂੰ ਗੁਰੂ ਜੀ ਹੋਰ ਕਈ ਪ੍ਰਕਾਰ ਦੇ ਕੁਕਰਮਾਂ ਤੋਂ ਵਰਜਦੇ ਸਨ ਉਥੇ ਹਰ ਸਿਖ ਨੂੰ ਇਹ ਆਖਿਆ ਕਰਦੇ ਸਨ– ਸਿੱਖ ਕੇਸਾਂ ਦਾ ਬੁਰਾ ਨਾ ਮੰਗੇ।' ਭਾਵੇਂ ਅੱਜ ਸਿਖਾਂ ਦੇ ਬੱਚੇ ਧੜਾ ਧੜ ਸਤਿਗੁਰੂ ਦੀ ਸਿਖੀ ਤੋਂ ਬਾਗੀ ਹੋ ਰਹੇ ਹਨ ਪਰੰਤੂ ਕੇਸਾਂ ਨੂੰ ਆਉਣ ਤੋਂ ਰੋਕ ਨਹੀਂ ਸਕਦੇ। ਜਿਵੇਂ ੨ ਕੇਸਾਂ ਨੂੰ ਕਟਦੇ ਹਨ ਕੇਸ ਹੋਰ ਆਈ ਜਾਂਦੇ ਹਨ। ਕੁਦਰਤ ਕਾਨੂੰਨ ਅਟੱਲ ਹੈ। ਪਛਮ ਦੇ ਡਾਕਟਰਾਂ ਦੀ ਰਾਇ ਹੈ ਕਿ ਮਨੁਖ ਦੀ ਅਸਲੀ ਤਾਕਤ ਕੇਸਾਂ ਰਾਹੀਂ ਬਾਹਰ ਆਉਂਦੀ ਹੈ। ਕੇਸਾਂ ਦਾ ਕਤਲ ਕਰਨਾ ਤਾਕਤ ਨੂੰ ਖਤਮ ਕਰਨਾ ਹੈ। ਦਸਤਗੀਰ ਗੁਲਾਮ ਜਿਲਾਨੀ ਦੀ ਗੱਦੀ ਉਤੇ ਬਗ਼ਦਾਦ ਸ਼ਰੀਫ਼ ਦੇ ਸੂਫ਼ੀ ਅਜ ਦੇ ਸਮੇਂ ਵਿਚ ਵੀ ਕੇਸਾਧਾਰੀ ਹਨ। ਮਹਾਤਮਾ ਬੁਧ, ਦੁਰਬਾਸ਼ਾ, ਸਿੰਗੀ ਰਿਖੀ, ਮਹਾਤਮਾ ਵਿਆਸ, ਗੋਤਮ ਪਤੰਜਲ, ਕੰਸ, ਰਾਮ, ਰਾਵਣ, ਜਾਦਵ, ਪਾਂਡਵ, ਵਿਸ਼ਵਾ ਮਿਤਰ ਜੈਮਨੀ, ਸ੍ਰੀ ਕ੍ਰਿਸ਼ਨ, ਭਾਰਦਵਾਜ, ਨਾਰਦ, ਬਾਵਨ ਸਵੇਤ ਕੇਤੂ ਸਭੇ ਕੇਸਾਧਾਰੀ ਸਨ। ਪਛਮ ਦੇ ਮਹਾਂ ਪੁਰਸ਼ ਹਜ਼ਰਤ ਮੂਸਾ, ਈਸਾ, ਯੂਸਫ਼, ਜਰਤੁਸਟ, ਹਜ਼ਰਤ ਮੁਹੰਮਦ ਸਾਹਿਬ ਕੇਸਾ ਧਾਰੀ ਸਨ। ਹਜ਼ਰਤ ਅਲੀ, ਸੁਕਰਾਤ, ਅਰਸਤੂ, ਈਰਾਨ ਦਾ ਬਾਦਸ਼ਾਹ ਹੈਦਰ ਅਲੀ ਕੇਸ ਰਖਦਾ ਸੀ। ਸ਼ੇਰ ਸ਼ਾਹ ਸੂਰੀ ਦੇ ਬੜੇ ਲੰਮੇ ਕੇਸ ਸਨ। ਦੁਨੀਆਂ ਦੇ ਵਡੇ ਵਡੇ ਫਿਲਾਸਫਰ



www.AKJ.Org

ਾਇੰਸ ਵੇਤਾ, ਦਾਰਸ਼ਨਕ, ਸਾਹਿਤਕਾਰ, ਪ੍ਰਚਾਰਕ ਭੇ ਕੇਸਾਧਾਰੀ ਸਨ। ਡਾਕਟਰ ਟੈਗੋਰ ਕੇਸਾਧਾਰੀ ੀ। ਡਾਕਟਰ ਟੈਗੋਰ ਨੇ ਜਪੁਜੀ ਸਾਹਿਬ ਘੋਖਿਆ ੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਕੀਤੇ ਤੇ ਕੇਸ ਾਰਨ ਕੀਤੇ ਸਨ। ਹਜ਼ਰਤ ਈਸਾ ਦਾ ਉਘਾ ਚੇਲਾ ਾਰਟਨ ਲੂਥਰ ਕੇਸ ਰਖਦਾ ਸੀ। ਜਾਰਜ ਬਰਨਾਰਡ ਾਅ ਨੇ ਇਕ ਵੇਰ ਕਿਹਾ ਸੀ ਮੈਂ ਕੇਸਾਂ ਨੂੰ ਕਟਵਾ ਟਵਾ ਕੇ ਥੱਕ ਗਿਆ ਹਾਂ। ਹੁਣ ਇਹਨਾਂ ਨੂੰ ਧਣ ਦਿਆਂ ਜਿਥੋਂ ਤੀਕ ਵਧਦੇ ਹਨ। ਉਹਨਾਂ ਦਾ ਹਿਣਾ ਹੈ ਕਿ ਜੇਕਰ ਦੋ ਮਿੰਟ ਵੀ ਕੇਸਾਂ ਦੀ ਜਾਮਤ ਕਰਵਾਣ ਲਈ ਲਗਣ ਤਦ ਜ਼ਿੰਦਗੀ ਦਾ ਕੰਨਾ ਵਡਾ ਸਮਾਂ ਹਰ ਰੋਜ਼ ਦੀ ਹਜਾਮਤ ਨਾਲ ਮਜਾਈਂ ਚਲਾ ਜਾਂਦਾ ਹੈ। ਪ੍ਰਸਿੱਧ ਰੂਸੀ ਸਾਹਿਤਕਾਰ ੀਓ ਟਾਲਸਟਾਏ ਦੇ ਸੁੰਦਰ ਕੇਸ ਸਨ। ਸ਼ੇਕਸਪੀਅਰ ੇਸਾਧਾਰੀ ਸੀ। ਜਰਮਨ ਦਾ ਬਹੁਤ ਵਡਾ ਸੰਗੀਤਕਾਰ ੇਰਥਨ ਕੇਸ ਰਖਦਾ ਸੀ। ਸ੍ਰੀ ਜੌਨਰ ਜੋ 1748 ਵਚ ਪੈਦਾ ਹੋਏ ਜਿਨ੍ਹਾਂ ਚੀਚਕ ਦੇ ਰੋਗ ਦੀ ਦਵਾਈ ਭੀ ਸੀ ਕੇਸਾਧਾਰੀ ਸਨ। ਟਾਮਸ ਐਲਦਾ ਐਡੀਸ਼ਨ ਾਇੰਸ ਦਾ ਪਿਤਾ ਕੇਸਾਧਾਰੀ ਸੀ। ਫ਼ਰਾਂਸ ਦਾ ਸਿੱਧ ਸਟੇਟਸਮੈਨ ਤੇ ਨਾਵਲਕਾਰ ਵਿਕਟਰ ਹਿਊਗੋ ਜਸ ਨੇ ਅਜ਼ਾਦੀ ਬਰਾਬਰੀ, ਭਰਾਤਰੀ ਪਿਆਰ ਤੇ ਰੱਪਣ ਦਾ ਪ੍ਰਚਾਰ ਕਰ ਕੇ ਰੂਸੀ ਇਨਕਲਾਬ ਲਿਆਉਣ ਵਿਚ ਜਦੋਜਹਿਦ ਅਰੰਭੀ ਸੀ ਕੇਸਾਧਾਰੀ ੀ। ਕੋਲੰਬਸ ਜਿਸ ਨੇ ਅਮ੍ਰੀਕਾ ਨੂੰ ਲਭਿਆ ਸੀ, ਦੇ ਵੀ ਕੇਸ ਸਨ। ਜਰਮਨ ਲਿਟਰੇਚਰ ਦਾ ਪ੍ਰਸਿੱਧ ਲੇਖਕ ਗੋਟੇ ਕੇਸ ਰਖਦਾ ਸੀ। ਪਰਮਾਣੂ ਸ਼ਕਤੀ ਨੂੰ ਜਨਮ ਦੇਣ ਵਾਲਾ ਆਈਨਸਟਾਈਨ ਵੀ ਕੇਸ ਰਖਦਾ ੀ। ਅਜੋਕੇ ਗਾਂਧੀ ਜੀ ਦੇ ਚੇਲੇ ਸੰਤ ਵਿਨੋਬਾ ਭਾਵੇ ਕੇਸਾਧਾਰੀ ਹਨ। ਕਬੀਰ ਜੀ ਅਤੇ ਭੱਟ ਵੀ ਕੇਸਾਧਾਰੀ ਸਨ। ਆਰੀਆ ਸਮਾਜੀ ਖੁਸ਼ਕ ਫ਼ਿਲਾਸਫ਼ਰ ਕੇਸਾਂ ਦੀ ਵਿਰੋਧਤਾ ਕਰਦੇ ਰਹੇ ਹਨ। ਜਿਨੇ ਵੀ ਸਾਧ, ਮਹੰਤ, ਨਿਰਮਲੇ ਉਦਾਸੀ, ਜੋਗੀ ਸਿੱਧ ਹੋਏ ਹਨ ਲਗਪਗ ਉਹਨਾਂ ਵਿਚੋਂ 95 ਫੀ ਸਦੀ ਕੇਸਾਧਾਰੀ ਜ਼ਰੂਰ ਮਿਲਣਗੇ। ਕੇਸਾਂ ਦਾ ਅਧਿਆਤਮ ਵਾਦ (ਰੱਬੀ ਰਸਤੇ) ਨਾਲ ਗੂੜ੍ਹਾ ਸਬੰਧ ਹੈ। ਅਸਲ ਵਿਚ ਕੇਸ ਰਖੇ ਨਹੀਂ ਜਾਂਦੇ ਹਨ। ਰਖੀ ਉਹ ਚੀਜ਼ ਜਾਂਦੀ ਹੈ ਜੋ ਬਾਹਰੋਂ ਲਿਆ ਕੇ ਸਿਰ ਉਤੇ ਟਿਕਾਈ ਜਾਵੇ। ਦਸਮ ਪਾਤਸ਼ਾਹ ਜੀ ਦਾ ਸਵਯਾ 'ਕੇਸ ਧਰੇ ਨ ਮਿਲੇ ਹਰ ਪਿਆਰੇ' ਇਸ ਗਲ ਦਾ ਸੂਚਕ ਨਹੀਂ ਕਿ ਕੇਸ ਰਖਣ ਤੋਂ ਰੱਬ ਨਹੀਂ ਮਿਲਦਾ ਇਹ ਇਸ ਦੇ ਗਲਤ ਅਰਥ ਹਨ। ਇਸ ਤੋਂ ਭਾਵ ਹੈ ਕਿ ਜਟਾਧਾਰੀਆਂ ਵਾਂਗ ਵਾਧੂ ਜੱਟਾਂ ਲਾ ਕੇ ਲੰਮੇ ਲੰਮੇ ਕੇਸ ਵਧਾਉਣ ਨਾਲ ਪ੍ਰਭੂ ਪ੍ਰਾਪਤੀ ਨਹੀਂ ਹੁੰਦੀ ਤੇ ਨਾ ਹੀ ਘਰੜ ਮੁਨਾਇਆਂ ਪ੍ਰਭੂ ਪ੍ਰਾਪਤੀ ਸੰਭਵ ਹੈ। ਪ੍ਰਭੂ ਪ੍ਰਾਪਤੀ ਅਕਾਲ ਪੁਰਖ ਦੇ ਹੁਕਮ ਵਿਚ 'ਸਾਬਤ ਸੂਰਤ ਦਸਤਾਰ ਸਿਰਾ' ਰਹਿਣ ਵਿਚ ਹੈ। ਸੋ ਗੁਰਮਤ ਅਨੁਸਾਰ ਰੱਬੀ ਸੂਰਤ ਨੂੰ ਭੰਨਣ ਦੀ ਵੀ ਮਨਾਹੀ ਹੈ। ਅਤੇ ਵਾਧੂ ਬਨਾਵਟ ਬਣਾਉਣ ਦਾ ਵੀ ਖੰਡਣ ਹੈ। ਜਿਵੇਂ ਸਾਹਿਬ ਨੇ ਸੂਰਤ ਘੜੀ ਹੈ ਉਸ ਨੂੰ ਕਾਇਮ ਰਖਿਆ ਜਾਵੇ। ਜਿਸ ਚੀਜ਼ ਨੂੰ ਸਾਨੂੰ ਬਣਾਉਣ ਦਾ ਹੱਕ ਨਹੀਂ ਉਸ ਨੂੰ ਢਾਉਣ ਦਾ ਵੀ ਹੱਕ ਨਹੀਂ।

ਅੰਮ੍ਰਿਤਧਾਰੀ ਸਿੰਘ ਪੰਜ ਕਕਾਰਾਂ ਦਾ ਧਾਰਨੀ ਹੈ। ਇਸ ਦਾ ਗੁਰਮੁਖੀ ਦਾਹੜਾ ਸਿੱਧਾ ਇਕ ਅਕਾਲ ਪੁਰਖ ੧ਓ ਨੂੰ ਮੰਨਣ ਦੀ ਗਵਾਹੀ ਹੈ। ਇਹ ਇਸ ਦੀ ਅੰਦਰੋਂ ਬਾਹਰੋਂ ਇਕ ਹੋਣ ਦਾ ਚਿੰਨ ਹੈ। ਇਹ ਨਿਸ਼ਾਨੀ ਹੈ ਨਾਨਕ ਨਿਰਮਲ ਪੰਥ ਦੇ ਪ੍ਰਪੱਕ ਹੋਣ ਦੀ।*


www.AKJ.Org

# ਆਉ ਪ੍ਰਣ ਕਰੀਏ

ਭਾਈ ਜਗਤ ਸਿੰਘ ਜੀ 'ਜਗਤ'
ਫਤੇਵਾਲ

ਜੇਕਰ ਆਪਣੇ ਸਤਿਗੁਰੂਆਂ ਦੇ ਬੀਤੇ ਪੁਰਾਤਨ ਇਤਿਹਾਸ ਨੂੰ ਫੋਲੀਏ ਤਾਂ ਸਾਨੂੰ ਸਹਿਜ ਮਤੇ ਹੀ ਸਾਂਝੇ ਪਿਆਰ ਦਾ ਸੋਮਾਂ ਠਾਠਾਂ ਮਾਰਦਾ ਨਜ਼ਰੀਂ ਆ ਜਾਂਦਾ ਹੈ। ਉਹ ਮਹਾਨ ਆਦਰਸ਼ ਜਿਸ ਨੂੰ ਪ੍ਰਚਾਰਨ ਲਈ ਅਕਾਲ ਪੁਰਖ ਜੀ ਨੇ ਸਤਿਗੁਰ ਨਾਨਕ ਦੇਵ ਜੀ ਨੂੰ ਪੂਰਨ ਸਤਿਕਾਰ ਤੇ ਅਖ਼ਤਿਆਰ ਬਖ਼ਸ਼ ਕੇ ਮਾਤ ਲੋਕ ਵਿਚ ਪ੍ਰਗਟਾਇਆ ਸੀ ਅਜ ਉਹ ਰੱਬੀ ਸਾਂਝਾ ਪਿਆਰ ਗੁਰਬਾਣੀ ਦੇ ਰੂਪ ਵਿਚ ਸਾਰੇ ਆਲਿਮ ਵਿਚ ਐਵੇਂ ਜਲਵਾ-ਗਰ ਨਹੀਂ ਹੋ ਰਿਹਾ।

ਇਸ ਪਵਿਤਰ ਸਾਂਝੀ ਵਾਲਤਾ ਲਈ ਮਹਾਨ ਮੁਸ਼ੱਕਤਾਂ ਤੇ ਘਾਲਨਾਂ ਘਾਲੀਆਂ ਗਈਆਂ। ਸਾਂਝ ਪਿਆਰ ਦੇ ਆਸ਼ਕਾਂ ਨੇ ਤੱਤੀਆਂ ਤਵੀਆਂ ਤੇ ਚੌਂਕੜੀਆਂ ਮਾਰ ਲਈਆਂ ਸਿਰ ਵੀ ਕਟਵਾ ਲਏ ਮਗਰ ਜ਼ਾਲਿਮ ਜਾਬਰਾਂ ਦੇ ਮੂੰਹ ਮੋੜਦਿਆਂ ਹੋਇਆਂ ਸਾਂਝੀਵਾਲਤਾ ਨੂੰ ਹਥੋਂ ਨਾ ਜਾਣ ਦਿਤਾ। ਕਈਆਂ ਬੇਦੋਸਿਆਂ ਨੇ ਆਪਾ ਵਾਰੇ ਤੇ ਘਰ ਘਾਟ ਲੁਟਾ ਕੇ ਕਾਦਿਰ ਕਰਤਾਰ ਦਾ ਸ਼ੁਕਰਾਨਾ ਅਦਾ ਕੀਤਾ। ਪਹਿਲੀ ਜੋਤ ਤੋਂ ਦਸਵੀਂ ਜੋਤ ਤੀਕ ਰੱਬੀ ਪੁਜਾਰੀਆਂ ਨੂੰ ਉਹਨਾਂ ਕਲਜੁਗੀ ਤੁਫਾਨਾਂ ਦਾ ਖੁਲੇ ਮੈਦਾਨ ਮੁਕਾਬਲਾ ਕਰਨਾ ਪਿਆ ਜਿਨਾਂ ਦੇ ਮੂਹਰੇ ਇਕ ਸਾਧਾਰਨ ਬਸ਼ਰ ਇਕ ਘੜੀ ਵੀ ਨਹੀਂ ਖਲੋ ਸਕਦਾ। ਦੁਨੀਆਂ ਦਾ ਇਤਹਾਸ ਖੋਜ ਦੇਖੋ ਜੇ ਕਿਸੇ ਵਡੇ ਇਨਸਾਨ ਨੂੰ ਕੁਦਰਤ ਕਾਦਿਰ ਨੇ ਘਲਿਆ ਤਾਂ ਉਸ ਮਾਤ ਲੋਕ ਵਿਚ ਆ ਕੇ ਆਪਣੀ ਹੀ ਨਿਜੀ ਵਡਿਆਈ ਦਾ ਪ੍ਰਭਾਵ ਪਾਇਆ ਤੇ ਸਾਂਝੀਵਾਲਤਾ ਨੂੰ ਅਖੋਂ ਉਹਲੇ ਕਰ ਛਡਿਆ।

ਇਹ ਗਲ ਕਿਸੇ ਸਾਧਾਰਨ ਪੁਰਸ਼ ਤੋਂ ਵੀ

---

*ਬਿਰਛ ਆਪਣੇ ਫਲ ਤੋਂ ਪਛਾਣਿਆ ਜਾਂਦਾ ਹੈ ਤੇ ਸਿੰਘ ਉਸ ਦੀ ਰਹਿਤ ਤੋਂ। ਇਹ ਮਿੱਠ-ਬੋਲੜਾ ਸਜਣ ਸੁਆਮੀ ਮੋਰਾ ਹੈ। ਕੇਸਾਂ ਤੋਂ ਖਿਨਾਂ ਬਾਕੀ ਕਕਾਰਾਂ ਦਾ ਕੋਈ ਮੁਲ ਨਹੀਂ। ਪਹਿਲੀ ਚੀਜ਼ ਕੇਸ ਹੈ। ਖਾਲਸੇ ਦੀ ਹੋਂਦ ਤੇ ਪ੍ਰਕਾਸ਼ ਕੇਸਾਂ ਵਿਚ ਹੈ। ਸਿਖ ਦੇ ਕੇਸ ਨਾ ਹੋਣ ਭਾਵੇਂ ਬਾਕੀ ਕਕਾਰ ਹੋਣ, ਕੋਈ ਉਸ ਨੂੰ ਸਿੰਘ ਨਹੀਂ ਗਿਣਦਾ। ਦਸਮੇਸ਼ ਜੀ ਦਾ ਇਲਾਹੀ, ਅਕਾਲੀ ਹੁਕਮ ਸੁਣੋ :—

ਨਿਸ਼ਾਨੇ ਈ ਸਿੱਖੀ ਪੰਜ ਹਰਫ ਕਾਫ।
ਹਰਗਿਜ਼ ਨਾ ਬਾਸ਼ਦ ਈ ਪੰਜ ਮੁਆਫ਼।
ਕੜਾ ਕਾਰਦੋ ਕਾਛ ਕੰਘਾ ਬਿਦਾਂ।
ਬਿਪਾਂ ਕੇਸ ਹੇਚ ਅਸਤ ਜੁਮਲੈ ਨਿਸ਼ਾਂ।

ਕੇਸ ਖਾਲਸਾ ਜੀ ਦੀ ਮੋਹਰ ਹੈ।
ਜਿਸ ਹੀ ਕੀ ਸਰਕਾਰ ਹੈ ਤਿਸ ਹੀ ਕਾ ਸਭ ਕੋਇ।


www.AKJ.Org

ਤ੍ਰੇਹਲੇ ਨਹੀਂ ਕਿ ਕਲਜੁਗ ਤਾਰਨਹਾਰ ਸਤਿਗੁਰ ਨਾਨਕ ਦੇਵ ਜੀ ਨੇ ਸਿਖੀ ਸਿਦਕ ਨੂੰ ਚਾਰ ਚੰਦ ਲਾਏ ਸਨ । ਉਹਨਾਂ ਜੁਗਾਂ ਜੁਗਾਂ ਦੀ ਨਾਮੁ ਹੇਤ ਕੀਤੀ ਤਪੱਸਿਆ ਆਪਣੇ ਪੁਤਰਾਂ ਨੂੰ ਨਾ ਦਿਤੀ ਬਲਕਿ ਆਪਣਾ ਨਿੱਜੀ ਸਿੰਘਾਸਣ ਆਪਣੇ ਪਿਆਰੇ ਸੇਵਕ ਲਹਿਣਾ ਜੀ ਨੂੰ ਬਖ਼ਸ਼ ਕੇ ਸੇਵਕ ਦੀ ਘਾਲਣਾ ਪ੍ਰਵਾਨ ਕੀਤੀ। ਸੇਵਕ ਲਹਿਣਾ ਜੀ ਨੂੰ ਆਪਣੇ ਜਾਮੇ ਵਿਚ ਅਭੇਦ ਕਰਕੇ ਗੁਰੂ ਅੰਗਦ ਦੇਵ ਜੀ ਦਾ ਸ਼ੁਭ ਨਾਮ ਬਖ਼ਸ਼ਿਆ । ਪਰਉਪਕਾਰ ਤੇ ਸਾਂਝੀਵਾਲਤਾ ਨੂੰ ਜਨਮ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਹੀ ਹਨ ਜਿਨ੍ਹਾਂ ਦਸਵੀਂ ਜੋਤ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਸਿਖ ਪੰਥ ਨੂੰ ਖਾਲਸਾ ਪੰਥ ਵਿਚ ਜ਼ਾਹਰ ਜ਼ਹੂਰ ਪ੍ਰਗਟ ਕੀਤਾ ਤੇ ਸਿਖ ਨੂੰ ਸਿੰਘ ਦਾ ਸ਼ੁਭ ਖ਼ਿਤਾਬ ਬਖ਼ਸ਼ਿਆ। ਚੌਹ ਵਰਨਾਂ ਨੂੰ ਖੰਡੇ ਧਾਰ ਦਾ ਅੰਮ੍ਰਿਤ ਪਾਨ ਕਰਵਾ ਕੇ ਛੂਤ ਛਾਤ ਨੂੰ ਕੱਢ ਕੇ ਵਿਛੜੀਆਂ ਰੂਹਾਂ ਨੂੰ ਇਕ ਮਾਲਾ ਵਿਚ ਪਰੋ ਛਡਿਆ । ਪੰਜਾਂ ਪਿਆਰਿਆਂ ਪਾਸੋਂ ਕਲਗੀਧਰ ਪਾਤਸ਼ਾਹ ਨੇ ਆਪ ਬੜੀ ਆਜਜ਼ੀ ਤੇ ਬੇਨਤੀਆਂ ਨਾਲ ਖੰਡੇ ਦਾ ਅੰਮ੍ਰਿਤ ਛਕ ਕੇ ਆਪੇ ਗੁਰ ਚੇਲਾ ਅਖਵਾ ਕੇ ਦੇਹਧਾਰੀ ਗੁਰੂਆਂ ਤੋਂ ਖਾਲਸੇ ਨੂੰ ਸਦਾ ਲਈ ਬਚਾ ਲਿਆ। ਕਲਗੀਧਰ ਪਾਤਸ਼ਾਹ ਨੇ ਮਨੁਖਤਾ ਨੂੰ ਇਕ ਬਾਟੇ ਵਿਚੋਂ ਅੰਮ੍ਰਿਤ ਕਲਾ ਵਰਤਾ ਕੇ ਊਚ ਨੀਚਤਾ ਦਾ ਨਾਮੋ-ਨਿਸ਼ਾਨ ਮਿਟਾ ਛਡਿਆ । ਇਹ ਸਾਡੀਆਂ ਆਪਣੀਆਂ ਢਿੱਲਾਂ ਹਨ ਜੋ ਅਸੀਂ ਅੰਮ੍ਰਿਤਧਾਰੀ ਸਿੰਘਾਂ ਵਿਚ ਈਰਖਾ ਦੀ ਅੱਗ ਮਚੀ ਦੇਖ ਰਹੇ ਹਾਂ। ਹਰ ਕੋਈ ਸਮਾਜ ਦਾ ਪਾਣੀ ਭਰਨ ਲਗ ਪੈਂਦਾ ਹੈ ਪਰ ਦਸਵੇਂ ਪਾਤਸ਼ਾਹ ਨੇ ਭੁਲੇ ਹੋਏ ਸਮਾਜ ਨੂੰ ਇਲਾਹੀ ਖੰਡੇ ਧਾਰ ਅੰਮ੍ਰਿਤ ਦੀ ਸ਼ਕਤੀ ਨਾਲ ਬਦਲ ਕੇ ਰਖ ਦਿਤਾ ।

ਬਾਜਾਂਵਾਲੇ ਨੇ ਸਾਰੀਆਂ ਵਡਿਆਈਆਂ ਆਪਣੇ ਪਿਆਰੇ ਸਿੰਘਾਂ ਨੂੰ ਬਖ਼ਸ਼ ਕੇ ਆਪ ਆਪਣੇ ਵਚਨ ਨੂੰ ਪਾਲਿਆ ਤੇ ਪਿਆਰੇ ਖਾਲਸਾ ਬਦਲੇ ਸਾਰਾ ਸਰਬੰਸ ਬਲੀਦਾਨ ਕਰ ਦਿਤਾ । ਕਿਸੇ ਵੀ ਕੌਮ ਜਾਂ ਦੇਸ਼ ਦੇ ਨੇਤਾ ਨੇ ਕਿਸੇ ਵੀ ਸਾਂਝੇ ਆਦਰਸ਼ ਦੀ ਭੇਟਾ ਆਪਣਾ ਸਾਰਾ ਕੁਨਬਾ ਅਰਪਨ ਕਰਨ ਦਾ ਸੁਫਨਾ ਨਾ ਦੇਖਿਆ । ਮਾਤਾ ਗੁਜਰੀ ਦੇ ਅਣਖੀਲੇ ਪੁਤਰ ਨੇ ਜੋ ਕੁਛ ਕਿਹਾ, ਕਰਕੇ ਦਿਖਾਇਆ । ਧੰਨ ਗੁਰੂ ਦੇ ਸਿੰਘ; ਜਿਨ੍ਹਾਂ ਦਰੱਖ਼ਤਾਂ ਦੇ ਪੱਤਰ ਤੇ ਛਿੱਲਾਂ ਵੀ ਖਾਧੀਆਂ ਪਰ ਸਿਖੀ ਸਿਦਕ ਨੂੰ ਤੋੜ ਨਿਭਾਉਂਦਿਆਂ ਸਤਿਗੁਰੂ ਦਾ ਸਾਥ ਨਾ ਛਡਿਆ । ਜੇਕਰ ਕੁਝ ਸਿੰਘਾਂ ਵਿਚ ਹਉਮੈ ਨੇ ਪੈਹਰਾ ਪਾਇਆ ਤੇ ਮਹਾਂ ਸਿੰਘ ਵਰਗਿਆਂ ਯੋਧਿਆਂ ਗੁਰੂ ਦਾ ਸਾਥ ਛਡਿਆ ਤਾਂ ਚੋਜੀ ਪ੍ਰੀਤਮ ਗੁਰੂ ਗੋਬਿੰਦ ਸਿੰਘ ਜੀ ਨੇ ਕੌਤਕ ਵਰਤਾ ਕੇ ਉਹਨਾਂ ਦੀ ਢਿੱਲ ਆਪ ਦੂਰ ਕੀਤੀ ਤੇ ਟੁਟੀ ਗੰਢ ਕੇ ਪੂਰੇ ਸਤਿਗੁਰੂ ਹੋਣ ਦਾ ਕਮਾਲ ਕਰ ਦਿਖਾਲਿਆ । ਬਾਜਾਂਵਾਲੇ ਦੇ ਜੀਵਨ ਦੀ ਇਕ ੨ ਘੜੀ ਸਾਡੇ ਲਈ ਸਿਖਿਆ ਹੈ ।

ਬਾਜਾਂਵਾਲੇ ਦੇ ਕੌਤਕਾਂ ਵਿਚੋਂ ਇਕ ਰਵਾਇਤ ਬੜੀ ਸਿਖਿਆ ਭਰੀ ਆ ਰਹੀ ਹੈ । ਅਨੰਦਪੁਰ ਦੇ ਘੋਰ ਯੁਧਾਂ ਸਮੇਂ ਜਦੋਂ ਹਾਫ਼ਨ ਪਾਣੀ ਦੀ ਥੁੜ ਆਉਂਦੀ ਦੇਖੀ ਤਾਂ ਮਾਤਾ ਗੁਜਰੀ ਜੀ ਨੇ ਕਲਗੀਧਰ ਨੂੰ ਆਖਿਆ ਕਿ ਪੁਤਰਾ ! ਤੰਗੀ ਕੱਟਣ ਦੀ ਕੀ ਲੋੜ ਹੈ ਗੁਰਗੱਦੀ ਦੀ ਭੇਟਾ ਮਾਇਆ ਦੇ ਢੇਰ ਲਗੇ ਪਏ ਹਨ ਸਿੰਘਾਂ ਨੂੰ ਵਰਤਾ ਦੇ ਤੇ ਉਹ ਖਾ ਪੀਕੇ ਵੈਰੀਆਂ ਨਾਲ ਲੋਹਾ ਲੈਣ । ਪੰਥ ਦੇ ਵਾਲੀ ਸਚੇ ਪਿਤਾ ਨੇ ਜਦੋਂ ਆਪਣੀ ਜੀਵਨ ਦਾਤਾ ਪਿਆਰੀ ਮਾਤਾ ਤੋਂ


www.AKJ.org

ਬਚਨ ਸੁਣਿਆ ਤੇ ਬੜੇ ਜਾਹੋ ਜਲਾਲ ਨਾਲ ਉਤਰ ਦਿਤਾ ਪਿਆਰੀ ਮਾਤਾ; ਲਿਆ ਜ਼ਹਿਰ ਪਹਿਲਾਂ ਮੈਨੂੰ ਖੁਆ ਫਿਰ ਪਿਛੋਂ ਮੈਥੋਂ ਸਭ ਕੁਝ ਕਰਵਾ ਲੈਣਾ। ਮਾਤਾ ਗੁਜਰੀ ਜੀ ਨੇ ਜਦੋਂ ਇਹ ਉਤਰ ਸੁਣਿਆ ਤਾਂ ਸਿਥਲ ਹੋ ਕੇ ਬਹਿ ਗਈ ਤੇ ਪਰੇਸ਼ਾਨ ਹੋ ਕੇ ਕਹਿਣ ਲਗੀ ਮੇਰਿਆ ਦਿਲ ਦਿਆ ਟੁਕੜਿਆ ਇਹ ਕੀ ਆਖਿਆ ਹੈ ਮੈਂ ਤੈਨੂੰ ਹੱਥੀਂ ਜ਼ਹਿਰ ਦੇਵਾਂ ਤਾਂ ਤੇ ਮੈਂ ਹੀ ਕਿਉਂ ਨਾਂ ਪਹਿਲੇ ਅਲੋਪ ਹੋ ਜਾਵਾਂ ? ਪੁਤਰਾ, ਮੈਂ ਤੈਨੂੰ ਭੁਲ ਕੇ ਵੀ ਇਹ ਨਹੀਂ ਖਵਾ ਸਕਦੀ। ਬਸ ਮਾਤਾ; ਜਿਵੇਂ ਤੁਹਾਨੂੰ ਮੇਰਾ ਪਿਆਰ ਹੈ ਇਵੇਂ ਹੀ ਮੈਨੂੰ ਇਹਨਾਂ ਸਿੰਘਾਂ ਨਾਲ ਪਿਆਰ ਤੇ ਸਤਿਕਾਰ ਹੈ। ਇਹ ਭੇਟਾ ਦੀ ਮਾਇਆ ਗੁਰੂ ਨਾਨਕ ਦੇਵ ਜੀ ਦੇ ਪਵਿਤਰ ਨਾਮ ਹੇਤ ਹੀ ਲਗਾਈ ਜਾ ਸਕਦੀ ਹੈ, ਇਹ ਸਿੰਘਾਂ ਦੇ ਖਾਣੇ ਵਿਚ ਕਿਵੇਂ ਸ਼ਾਮਲ ਕੀਤੀ ਜਾਵੇ।

ਸਾਡਾ ਭਾਵ ਇਹੀ ਇਸ ਰਵਾਇਤ ਦੁਆਰਾ ਪ੍ਰਗਟਾਉ ਹੈ ਕਿ ਕਿਤਨਾਂ ਮਹਾਨ ਆਦਰਸ਼ ਕਲਗੀਧਰ ਜੀ ਨੇ ਆਪਣੇ ਪਿਆਰੇ ਸਿੰਘਾਂ ਸਾਹਮਣੇ ਰਖਿਆ। ਬੇਲਾਗ ਤੇ ਨਿਰੋਲ ਸੇਵਾ ਨਿਭਾਈ। ਜ਼ਾਲਮ ਹਕੂਮਤ ਨੂੰ ਸਦਾ ਲਈ ਹਲੂਣ ਛਡਿਆ ਤੇ ਮਜ਼ਲੂਮਾਂ ਹਿਤ ਸਰਬੰਸ ਨਛਾਵਰ ਕਰ ਦਿਤਾ। ਮਹਿਲ ਮਾੜੀਆਂ ਰਾਜ-ਗੱਦੀਆਂ ਤਿਆਗ ਕੇ ਜ਼ਬਾਨੋਂ ਕਹਿਣਾ—

'ਯਾਰੜੇ ਦਾ ਸਾਨੂੰ ਸੱਥਰ ਚੰਗਾ ਭਠ ਖੇੜਿਆਂ ਦਾ ਰਹਿਣਾ' ਕੀ ਕਦੇ ਸਿੰਘਾਂ ਨੂੰ ਭੁਲਣ ਵਾਲਾ ਸੰਦੇਸ਼ ਹੈ। ਇਹ ਕਾਰਨ ਸੀ ਗੁਰੂ ਕੇ ਸਿੰਘਾਂ ਨੇ ਗੁਰਉਪਦੇਸ਼ ਮੰਨਦਿਆਂ ਹਰ ਔਕੜ ਸਮੇਂ ਪ੍ਰਭੂ ਨਾਲੋਂ ਲਿਵ ਨਾ ਟੁਟਣ ਦਿਤੀ। ਅੱਜ ਦੇ ਪਾਠੀਆਂ, ਪ੍ਰਚਾਰਕਾਂ ਵੱਲ ਦੇਖਕੇ ਕਲੇਜਾ ਫਟ ਜਾਂਦਾ ਹੈ ਜਦੋਂ ਕਿ ਮਾਇਆ ਦੇ ਅਧੀਨ ਹੋਏ ਗੁਰਉਪਦੇਸ਼ ਤੋਂ ਕਿਤੇ ਦੂਰ ਕਿਨਾਰੇ ਹੋ ਬੈਠਦੇ ਹਨ। ਜਿਸ ਤਰ੍ਹਾਂ ਦੀ ਮਾਇਆ ਓਸੇ ਤਰ੍ਹਾਂ ਦੇ ਪਾਠ ਤੇ ਕੀਰਤਨ। ਭਲਾ ਕੋਈ ਪੁਛੇ ਇਹ ਬਾਣੀ ਕਿਸ ਦੀ ਹੈ, ਕਿਥੋਂ ਆਈ ਹੈ, ਕਿਸ ਨੇ ਭੇਜੀ ਹੈ ਤੇ ਇਸਨੂੰ ਗਾਇਨ ਕਰਕੇ ਮਾਇਆ ਲੈਣ ਦਾ ਕਿਸ ਨੂੰ ਅਧਕਾਰ ਹੈ। ਅਸੀਂ ਇਹ ਬੇਨਤੀ ਕਰਦੇ ਹਾਂ ਕਿ ਅਖੰਡ ਕੀਰਤਨ ਜਦੋਂ ਗੁਰੂ ਦੀ ਬਾਣੀ ਦਾ ਹੋਵੇ ਤਾਂ ਮਾਇਆ ਕੀਰਤਨੀ ਸਿੰਘ ਵਲ ਨਹੀਂ ਆਉਣੀ ਚਾਹੀਦੀ। ਸਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟ ਜੋ ਕੋਈ ਚਾਹੇ ਭੇਟ ਕਰ ਸਕਦਾ ਹੈ। ਨਿਰੋਲ ਗੁਰਬਾਣੀ ਦੇ ਅਖੰਡ ਕੀਰਤਨ ਵਿਚ ਮਾਇਆ ਦਾ ਪ੍ਰਭਾਵ ਕਿਉਂ ਪੈਣ ਦਿਤਾ ਜਾਵੇ। ਅਸੀਂ ਇਕ ਦੋ ਸਮਾਗਮਾਂ ਵਿਚ ਦੇਖਿਆ ਹੈ ਕਿ ਮਾਇਆ ਵਾਜੇ ਉਤੇ ਰਖਣ ਦੀ ਲੜੀ ਚਲ ਪੈਂਦੀ ਹੈ ਜਿਸ ਨਾਲ ਨਿਰੋਲ ਕੀਰਤਨ ਦਾ ਰਸ ਘੱਟ ਜਾਂਦਾ ਹੈ। ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਿਆਂ ਨਿਜੀ ਸਾਥੀਆਂ ਪਾਸੋਂ ਇਹ ਪ੍ਰੇਰਨਾ ਉਚੀ ਪੱਧਰ ਤੇ ਮਿਲ ਸਕਦੀ ਹੈ ਕਿ ਉਹਨਾਂ ਦੇ ਅਖੰਡ ਕੀਰਤਨ ਸਮਾਗਮਾਂ ਵਿਚ ਉਹਨਾਂ ਮਾਇਆ ਦਾ ਪ੍ਰਭਾਵ ਹਰਗਿਜ਼ ਨਹੀਂ ਸੀ ਪੈਣ ਦਿਤਾ। ਉਹਨਾਂ ਤਦੇ ਹੀ ਕਿਹਾ ਸੀ ਸਾਡੀ ਯਾਦ ਹੀ ਨਿਰੋਲ ਕੀਰਤਨ ਹੈ। ਉਹਨਾਂ ਗੁਰਮਤ ਖੋਜਾਂ ਖੋਜੀਆਂ ਤੇ ਗੁਰੂ ਕੇ ਖਾਲਸੇ ਹੇਤ ਸਾਰਾ ਜੀਵਨ ਅਰਪਨ ਕੀਤਾ। ਉਹਨਾਂ ਦੀਆਂ ਰਚੀਆਂ ਪੁਸਤਕਾਂ ਵਿਛੜੀਆਂ ਰੂਹਾਂ ਨੂੰ ਖਾਲਸਾ ਪੰਥ 'ਚ ਅਭੇਦ ਕਰਨ ਲਈ ਇਕ ਕਮਾਲ ਦੀ ਪ੍ਰੇਰਨਾ ਹਨ। ਗੁਰੂ ਦੀ ਬਾਣੀ ਅਪਣੇ ਆਪ ਪ੍ਰਚਾਰ ਹੈ, ਆਪ ਹੀ ਪ੍ਰਚਾਰਕ ਹੈ। ਕੂਕਰ ਆਪਣੇ ਮਾਲਕ ਦੇ ਘਰ ਵਿਚ ਭੋਂਕਦੇ ਹੀ ਚੰਗੇ ਲਗਦੇ ਹਨ ਇਹ ਪੀਰ ਮੁਰੀਦਾਂ ਦੀ ਪਿਰਹੜੀ ਪ੍ਰਭੂ ਦੀ ਆਪਣੀ ਰੀਜ ਹੈ।*

www.AKJ.Org

# ਹਉਮੈ ਦੀਰਘੁ ਰੋਗ ਹੈ—੪

( ਭਾਈ ਕਰਮ ਸਿੰਘ ਜੀ 'ਭੰਡਾਰੀ' ਬਰਨਾਲਾ )

[ਲੜੀ ਜੋੜਨ ਲਈ ਦੇਖੋ ਅਗਸਤ ਦਾ ਪਰਚਾ]

ਇਉਂ ਜ਼ਬਾਨ ਦੁਆਰਾ ਹੰਕਾਰੀ ਪੁਰਸ਼ ਵਧਾ ਚੜਾ ਕੇ ਗਲਾਂ ਕਰਣ ਤੋਂ ਬਿਨਾਂ ਉਹ ਪੁਰਸ਼ ਹਮੇਸ਼ਾ ਹੈਰਾਨੀ ਭਰੇ ਰਸ ਦੀ ਪਰਸੰਸਾ ਵਾਹਿਗੁਰੂ ਦਾ ਜਸ ਸ਼ੁਭ ਬਚਨ ਅਤੇ ਮਿਠਾ ਬੋਲ ਬੋਲਦੇ ਹਨ।ਅਜੇਹੇ ਗੁਰਮੁਖ ਪਿਆਰੇ ਅਕਾਲ ਪੁਰਖ ਦਾ ਅਠੋ ਪਹਿਰ ਨਾਮ ਹੀ ਜਪਦੇ ਹੋਏ ਭਗਤੀ ਵਿਚ ਲੀਨ ਰਹਿੰਦੇ ਹਨ। ਉਹ ਗੁਰਸਿਖ ਜੋ ਹੰਕਾਰ ਤੋਂ ਦੂਰ ਰਹਿੰਦੇ ਹਨ ਤੇ ਜਗਤ ਦੇ ਕਾਰ ਵਿਹਾਰ ਕਰਦੇ ਹੋਏ ਭੀ ਨਿਰਲੇਪ ਰਹਿੰਦੇ ਹਨ। ਉਨ੍ਹਾਂ ਗੁਰਮੁਖ ਪਿਆਰਿਆਂ ਦੇ ਮਨ ਕੋਮਲ ਹੋ ਜਾਂਦੇ ਹਨ। ਅਤੇ ਹਿਰਦੇ ਅੰਦਰ ਸੀਤਲਤਾ ਛਾ ਜਾਂਦੀ ਹੈ ਉਹਨਾਂ ਦੇ ਹਉਮੈ ਤੋਂ ਦੂਰ ਰਹਿਣ ਅਤੇ ਨਾਮ, ਬਾਣੀ ਵਿਚ ਰੱਤੇ ਰਹਿਣ ਦੇ ਕਾਰਣ ਹੀ ਪ੍ਰਮਾਤਮਾ ਦੀ ਭਗਤੀ ਵਿਚ ਜੁੜਕੇ ਸਾਰਾ ਸਰੀਰ ਭੀ ਪਵਿਤਰ ਹੋ ਜਾਂਦਾ ਹੈ। ਉਹਨਾਂ ਦਾ ਮਨ ਜੋ ਨਾਮ ਤੇ ਗੁਰ ਸੰਗਤ ਤੋਂ ਬਗੈਰ ਇਧਰ ਓਧਰ ਭਟਕਦਾ ਹੋਇਆ ਹਉਮੈ ਦੇ ਜਾਲ ਅੰਦਰ ਫਸਕੇ ਰੁਖਾ ੨ ਜਿਹਾ ਤੇ ਬੇ ਕਾਬੂ ਹੋ ਜਾਂਦਾ ਸੀ ਹੁਣ ਉਹ ਹਉਮੈ ਅਤੇ ਸਭ ਆਵਗੁਣਾਂ ਦਾ ਤਿਆਗ ਕਰ ਦਿੰਦਾ ਹੈ ਅਤੇ ਪ੍ਰਮਾਤਮਾ ਦਾ ਆਸਰਾ ਨਾਮ ਭਗਤੀ ਦਾ ਜਾਪ ਕਰਕੇ ਪਕੜੀ ਰਖਦਾ ਹੈ। ਹਉਮੈ ਦਾ ਤਿਆਗ ਕਰਨ ਦੇ ਕਾਰਨ ਹੀ ਉਸਦਾ ਮਨ ਟਿਕਾਉ ਵਿਚ ਆ ਜਾਂਦਾ ਹੈ। ਇਹਨਾਂ ਉਪਰ ਦਸੇ ਸਭ ਦ੍ਰਿਸ਼ਟਾਂਤਾਂ ਤੋਂ ਸਾਨੂੰ ਇਹ ਗਿਆਨ ਹੁੰਦਾ ਹੈ ਕਿ ਜੇ ਮਨੁਖ ਅਤੇ ਉਸਦਾ ਮਨ ਇਧਰ ਉਧਰ ਭਟਕਦਾ ਹੈ ਤਾਂ ਇਹ ਸਿਰਫ ਹੰਕਾਰ ਦਾ ਹੀ

---

*ਇਹ ਬੇਨਤੀ ਸਿੰਘਾਂ ਨੂੰ ਵਸ਼ੇਸ਼ ਤੌਰ ਤੇ ਜਥੇ ਦੇ ਸਿੰਘਾਂ ਨੂੰ ਪ੍ਰਵਾਨ ਕਰਨੀ ਚਾਹੀਦੀ ਹੈ ਕਿ ਜਦੋਂ ਵੀ ਅਖੰਡ ਕੀਰਤਨ ਜਾਂ ਕੀਰਤਨ ਰੈਣ ਸਬਾਈ ਦੇ ਅਰੰਭ ਵਿਚ ਅਰਦਾਸ ਹੋ ਜਾਂਦੀ ਹੈ ਉਸ ਤੋਂ ਬਾਅਦ ਗੁਰਬਾਣੀ ਨਾਲ ਲਿਵ ਲਾਣ ਦੀ ਲੋੜ ਹੈ ਮਾਇਆ ਦਾ ਬਿਲਕੁਲ ਤਿਆਗ ਕੀਤਾ ਜਾਵੇ। ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਤਾਂ ਨਿਜੀ ਫਰਜ਼ ਹੈ ਹੀ ਵਧੇਰੇ ਲੋੜ ਬਿਬੇਕ ਬੁਧੀ ਅਨੁਸਾਰ ਕੜਾਹ ਪ੍ਰਸ਼ਾਦ ਦੀ ਪਵਿਤਰ ਦੇਗ ਜਿਤਨੀ ਵੀ ਪਵਿਤਰਤਾਈ ਨਾਲ ਵਰਤਾਈ ਜਾਵੇ ਉਤਨੀ ਹੀ ਸ਼ੋਭਨੀਕ ਹੈ। ਅਜ ਕਲ ਦੁਨੀਆਂ ਮਾਇਆ ਦੇ ਅਧੀਨ ਹੋਈ ਨਿਘਰ ਰਹੀ ਹੈ, ਸਿੰਘਾਂ ਦਾ ਹੀ ਫਰਜ਼ ਬਣਦਾ ਹੈ ਕਿ ਉਹ ਤਿਆਗ ਦਾ ਸਬੂਤ ਦੇਣ ਬਲਕਿ ਆਪਣੀ ਧਰਮ ਕਿਰਤ ਵਿਚੋਂ ਵਧ ਚੜ ਕੇ ਸਮਾਗਮਾਂ ਵਿਚ ਮਾਇਆ ਸੰਗਤਾਂ ਦੀ ਸੇਵਾ ਹੇਤ ਅਰਪਨ ਕਰਨ।

ਅਖੀਂ ਦੇਖਣ ਵਿਚ ਆ ਰਿਹਾ ਹੈ ਕਿ ਜਿਹੜੇ ਪਾਠੀ ਜਾਂ ਪ੍ਰਚਾਰਕ ਕੀਰਤਨੀਏ ਕਦੇ ਮਾਇਆ ਹੇਤ ਹੀ ਪ੍ਰੇਮੀ ਸਨ ਉਹਨਾਂ ਦੀਆਂ ਅਗਲੀਆਂ ਨਸਲਾਂ ਸਿਖੀ ਤੋਂ ਪਤਿਤ ਹੋ ਰਹੀਆਂ ਹਨ। ਤਾਜ਼ਾ ਸਬੂਤ ਹਨ ਜਿਹੜੇ ਗੁਰਬਾਣੀ ਦੇ ਪਾਠੀ ਪ੍ਰਚਾਰਕ ਮਾਇਆ ਲੈਣ ਲਗ ਪੈਂਦੇ ਹਨ। ਉਨ੍ਹਾਂ ਦਾ ਜੀਵਨ ਹਾਸੋਹੀਣਾ ਹੋ ਜਾਂਦਾ ਹੈ। ਤਾਂ ਤੇ ਗੁਰੂ ਕੇ ਸਿੰਘੋ, ਆਉ ਪ੍ਰਣ ਕਰੀਏ ਨਿਰੋਲ ਕੀਰਤਨ ਵਿਚ ਮਾਇਆ ਦਾ ਪ੍ਰਭਾਵ ਹਰਗਿਜ਼ ਨਾ ਪੈਣ ਦਈਏ। ਅਸੀਂ ਸ਼ਬਦ ਦੇ ਉਪਾਸ਼ਕ ਹਾਂ ਮਾਇਆ ਦੇ ਨਹੀਂ।

—o—

www.AKJ.Org

ਕਾਰਣ ਹੈ। ਹੰਕਾਰੀ ਪੁਰਸ਼ ਹੀ ਨਾਮ ਤੋਂ ਦੂਰ ਅਤੇ ਹਮੇਸ਼ਾਂ ਪ੍ਰਮਾਤਮਾ ਤੋਂ ਵਿਛੜਿਆ ਇਧਰ ਉਧਰ ਅਸ਼ਾਂਤੀ ਵਿਚ ਭਟਕਦਾ ਰਹਿੰਦਾ ਹੈ। ਸਤਿਗੁਰੂ ਜੀ ਭੀ ਮੁਖਵਾਕ ਵਿਚ ਕਹਿੰਦੇ ਹਨ ਕਿ 'ਬਬੀਹਾ ਸਗਲੀ ਧਰਤੀ ਜੇ ਫਿਰਹਿ ਉਡਿ ਚੜਹਿ ਆਕਾਸਿ ॥ ਸਤਿਗੁਰਿ ਮਿਲਿਐ ਜਲੁ ਪਾਈਐ ਚੂਕਿ ਭੁਖ ਪਿਆਸ' ॥ ਜਿਸ ਤੋਂ ਸਾਨੂੰ ਯਕੀਨ ਬਝਦਾ ਹੈ ਕਿ ਬਗੈਰ ਵਾਹਿਗੁਰੂ ਦੀ ਆਪਾਰ ਕਿਰਪਾ ਤੋਂ ਇਹ ਅਸਾਧ ਰੋਗ ਨਹੀਂ ਹਟਨਾ ਜਦੋਂ ਵਾਹਿਗੁਰੂ ਜੀ ਮੇਹਰ ਕਰਨਗੇ ਤਾਂ ਇਹ ਬਬੀਹੇ ਦੀ ਸ਼ਾਂਤੀ ਲੈ ਕੇ ਬੈਠਣ ਦੀ ਤਰਾਂ ਨਾਮ ਵਿਚ ਰਤਿਆ ਜਾਵੇਗਾ ਅਤੇ ਸ਼ਾਂਤੀ ਪ੍ਰਾਪਤ ਕਰ ਲਵੇਗਾ।

ਭਾਈ ਨੰਦ ਲਾਲ ਜੀ ਮਨੁਖ ਨੂੰ ਹਉਮੈ ਦੇ ਜਾਲ ਵਿਚ ਫ਼ਸੇ ਹੋਏ ਨੂੰ ਬੇਅਰਥ ਟਕਰਾਂ ਖਾਂਦੇ ਨੂੰ ਦੇਖਕੇ ਮਨੁਖ ਨੂੰ ਸੰਬੋਧਨ ਕਰਕੇ ਕਹਿੰਦੇ ਹਨ ਕਿ—

ਚੂੰ ਖੁਦਾ ਹਾਜ਼ਰ ਅਸਤ ਦਰ ਹਮਹ ਹਾਲ।
ਤੂ ਚਰਾ ਮੇ ਜ਼ਨੀ ਦਿਗਰ ਪਰੋ ਬਾਲ।

ਹੇ ਯਾਰ ਤੂੰ ਐਵੇਂ ਹੀ ਹਉਮੈ ਦੇ ਜਾਲ ਵਿਚ ਫਸਕੇ ਕਿਉਂ ਜੰਗਲ ਤੇ ਬੇਲਿਆਂ ਵਿਚ ਭਟਕਦਾ ਫਿਰਦਾ ਹੈਂ, ਉਹ ਪਿਆਰਾ (ਅਕਾਲ ਪੁਰਖ) ਤਾਂ ਹਰ ਪਾਸੇ ਹੀ ਹਾਜ਼ਰ ਨਾਜ਼ਰ ਤੇ ਸਰਬ ਜਗ੍ਹਾ ਭਰਪੂਰ ਹੈ।

ਅਜ਼ ਖੁਦੀ ਤੂ ਦੂਰ ਗਸ਼ਤਹ ਚੂੰ ਖ਼ੁਦਾ।
ਦੂਰ ਕੁਨ ਖੁਦ ਬੀਨੀ ਓ ਬੀ ਬੇਗਿਲਾਫ।

ਹੇ ਜੀਵ ਜਦੋਂ ਦਵੈਸ਼ ਭਾਵ ਦੂਰ ਕਰਕੇ ਵਾਹਿਗੁਰੂ ਦੇ ਦਰ ਤੇ ਪਹੁੰਚੇਂਗਾ, ਤਾਂ ਤੈਨੂੰ ਵਾਹਿਗੁਰੂ ਦੇ ਦਰਸ਼ਨ ਕਰਨ ਲਈ ਹਉਮੈ ਦਾ ਪੜਦਾ ਜੋ ਤੇਰੇ ਅਤੇ ਵਾਹਿਗੁਰੂ ਦੇ ਵਿਚਕਾਰ ਵੱਖ ਕਰਨ ਲਈ ਕੰਧ ਸਮਾਨ ਹੈ ਦੂਰ ਕਰਨਾ ਪਵੇਗਾ। ਜਿਨਾਂ ਚਿਰ ਤੇਰੇ ਅੰਦਰ ਹਉਮੈ ਦੀ ਕੋਈ ਭੀ ਕਣੀ ਰਹਿ ਜਾਵੇਗੀ ਓਨਾਂ ਚਿਰ ਤੈਨੂੰ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋ ਸਕਣਗੇ। ਇਸ ਲਈ ਵਾਹਿਗੁਰੂ ਦੇ ਦਰਸ਼ਨ ਲਈ ਅਤੇ ਉਸ ਦੇ ਵਿਚ ਅਭੇਦ ਹੋਣ ਲਈ ਜ਼ਰੂਰੀ ਹੈ ਕਿ ਹਉਮੈ ਦਾ ਪਰਦਾ ਦੂਰ ਕੀਤਾ ਜਾਵੇ।

ਜਮਾਲੇ ਓ ਹਮਹ ਜਾ ਬੇ ਹਿਜਾਬ ਜਲਵਹ ਗਰ ਅਸਤ।
ਤੂ ਹਮ ਹਿਜਾਬੇ ਖ਼ੁਦੀ ਲਕਾ ਚਿ ਕੁਨਦ।

ਦਸਦੇ ਹਨ ਕਿ ਉਹ ਵਾਹਿਗੁਰੂ ਤਾਂ ਹਰ ਪਾਸੇ ਹੀ ਹਾਜ਼ਰ ਨਾਜ਼ਰ ਤੇ ਪ੍ਰਤੱਖ ਰੂਪ ਵਿਚ ਦਿਖਾਈ ਦੇ ਰਿਹਾ ਹੈ। ਉਸ ਦੇ ਦਰਸ਼ਨ ਕਰਨ ਵਿਚ ਤਾਂ ਕੋਈ ਭੀ ਰੁਕਾਵਟ ਨਹੀਂ ਹੈ। ਉਹਦੇ ਤਾਂ ਦਰਸ਼ਨ ਹਰ ਕੋਈ (ਗਰੀਬ, ਅਮੀਰ, ਉਚਾ, ਨੀਵਾਂ) ਬਗੈਰ ਕਿਸੇ ਭੇਦ ਭਾਵ ਤੋਂ ਕਰ ਸਕਦਾ ਹੈ, ਪਰ ਇਕ ਗਲ ਜ਼ਰੂਰੀ ਹੈ ਕਿ ਤੇਰੇ (ਮਨੁਖ) ਅੰਦਰ ਹੀ ਹਉਮੈ ਦਾ ਇਕ ਐਸਾ ਬੰਧਨ ਰੂਪੀ ਪਰਦਾ ਹੈ ਜੋ ਤੈਨੂੰ ਪ੍ਰਮਾਤਮਾਂ ਨਾਲੋਂ ਵੱਖ ਕਰ ਕੇ ਵਿਛੋੜ ਰਿਹਾ ਹੈ। ਇਸ ਵਿਚ ਪ੍ਰਮਾਤਮਾ ਦਾ ਕੋਈ ਦੋਸ਼ ਨਹੀਂ ਹੈ, ਉਹ ਦੱਸ ਕੀ ਕਰ ਸਕਦਾ ਹੈ? ਜਦੋਂ ਤੇਰੇ ਅੰਦਰ ਹੀ ਦਵੈਸ਼ ਤੇ ਹਉਮੈ ਵਰਗੇ ਦੁਸ਼ਮਨ ਘਰ ਕਰੀ ਬੈਠੇ ਹਨ। ਇਸ ਲਈ ਜ਼ਰੂਰੀ ਹੈ ਕਿ ਜੇ ਤੂੰ ਵਾਹਿਗੁਰੂ ਦੇ ਦਰਸ਼ਨ ਚਾਹੁੰਦਾ ਹੈਂ ਤਾਂ ਹਉਮੈ ਰੂਪੀ ਪਰਦਾ ਦੂਰ ਕਰ ਦੇਹ, ਕਿਉਂਕਿ ਇਸ ਦੇ ਦੂਰ ਕਰਿਆਂ ਹੀ ਤੈਨੂੰ ਵਾਹਿਗੁਰੂ ਦੇ ਸ਼ਾਂਤੀ ਦੇਣ ਵਾਲੇ ਸੋਹਣੇ ਸਵਰੂਪ ਦੇ ਦਰਸ਼ਨ ਹੋ ਸਕਦੇ ਹਨ। ਭਾਈ ਨੰਦ ਲਾਲ ਜੀ ਆਦਮੀ ਨੂੰ ਸਮਝਾਉਂਦੇ ਹੋਏ ਇਹ ਵਰਨਣ ਕਰਦੇ ਹਨ ਕਿ:—

ਤਾਂ ਤੁਆਨੀ ਬੰਦਹ ਸ਼ੋ ਸਾਹਿਬ ਮਬਾਸ਼।
ਬੰਦਹ ਰਾ ਜੁਜ਼ ਬੰਦਗੀ ਨ ਬਵਦ ਤਲਾਸ਼।
ਈਂ ਵਜੂਦੇ ਖ਼ਾਕ ਪਾਕ ਅਜ਼ ਬੰਦਗੀਸਤ।
ਗੁਫ਼ਤਗਤ ਹਾਏ ਦਿਗਰ ਸ਼ਰਮਿੰਦਗੀਸਤ।
ਬੰਦਗੀ ਕੁਨ ਜਾਂ ਕਿ ਉ ਬਾਸ਼ਦ ਕਬੂਲ।
ਬੁਗਜ਼ਰ ਅਜ਼ ਖ਼ੁਦ ਬੀਨੀਓ ਤਰਜੋ ਜਹੂਲ।

ਹੇ ਬੰਦੇ ਹੰਕਾਰ ਅਤੇ ਮਾਣ ਇਜ਼ਤ ਵਿਚ ਫਸ ਕੇ ਆਪਣੇ ਆਪ ਗੁਰੂ ਨਾ ਬਣ ਬੈਠੀਂ ਭਾਵ ਜਦ ਤਕ ਪ੍ਰਮਾਤਮਾਂ ਤੇ ਤੇਰੀ ਆਤਮਾਂ ਦੀ ਆਪਸ ਵਿਚ ਭੇਦਤਾ ਖਤਮ ਨਾ ਹੋ ਜਾਵੇ ਉਨਾਂ ਚਿਰ ਕਿਤੇ ਵੀ ਕਿਸੇ ਨੂੰ ਉਪਦੇਸ਼ ਨਾ ਕਰੀਂ। ਬੰਦੇ ਦਾ ਕਰਮ ਤਾਂ ਬੰਦਗੀ ਕਰਨਾ ਹੈ, ਉਸਨੂੰ ਹੋਰ ਕਿਸੇ ਪਦਾਰਥ ਦੀ ਖਾਹਿਸ਼ ਨਹੀਂ ਰਖਣੀ ਚਾਹੀਦੀ, ਕਿਉਂਕਿ ਬੰਦੇ ਨੂੰ ਦਸਦੇ ਹਨ ਕਿ ਇਹ ਤੇਰਾ ਮਿੱਟੀ ਰੂਪੀ ਸਰੀਰ ਨਾਮ ਜਪਣ ਨਾਲ ਹੀ ਪਵਿਤ੍ਰ ਹੋ ਸਕਦਾ ਹੈ। ਜੋ ਅਮੋਲਕ ਸੁਆਸ ਨਿਰਾਰਥਕ ਗਲਾਂ ਵਿਚ ਬਤੀਤ ਹੁੰਦੇ ਹਨ ਇਹੀ ਤੈਨੂੰ ਰੱਬ ਦੀ ਦਰਗਾਹ ਵਿਚ ਸ਼ਰਮਿੰਦਾ ਕਰ ਸਕਦੇ ਹਨ। ਇਸ ਲਈ ਨਾਮ ਜਪਣ ਵਿਚ ਹੀ ਤੇਰਾ ਭਲਾ ਹੈ ਤੇ ਪ੍ਰਮਾਤਮਾਂ ਦੇ ਦਰ ਤੇ ਕਬੂਲ ਹੋ ਸਕਦਾ ਹੈਂ। ਤੂੰ ਹੰਕਾਰ ਦੀ ਮਸਤੀ ਵਿਚ ਆ ਕੇ ਆਪਣੇ ਆਪ ਨੂੰ ਬਿਨਾਂ ਗੁਣ ਹੁੰਦੇ ਹੋਏ ਭੀ ਉਚਾ ਦਸਣਾ ਤੇ ਬਣਨਾ ਤਿਆਗ ਦੇ ਤੇ ਪ੍ਰਮਾਤਮਾਂ ਦੇ ਲੜ ਲਗ ਕੇ ਆਪਣੀ ਮਨਮੁਖਤਾ ਦਾ ਭੀ ਤਿਆਗ ਕਰ ਦੇ।

———


www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਦੇ ਸਬੰਧ ਵਿਚ

# ਅਦੁਤੀ ਤੇ ਅਲੌਕਿਕ ਕੀਰਤਨ ਸਮਾਗਮ ਜਾਲੰਧਰ

ਸਤਿਗੁਰੂ ਜੀ ਦੀ ਅਪਾਰ ਮੇਹਰ ਸਦਕਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਦੇ ਸਬੰਧ ਵਿਚ ਵਿਸ਼ੇਸ਼ ਪ੍ਰੋਗਰਾਮ ਬਣਾਇਆ ਗਿਆ ਹੈ, ਲਗਾਤਾਰ ਅਠ ਦਿਨ ਅਖੰਡ ਕੀਰਤਨ ਦਾ ਅਤੁਟ ਪ੍ਰਵਾਹ ਚਲੇਗਾ, ਇਸ ਮਹਾਨ ਉਤਸ਼ਵ ਵਿਚ ਦੇਸ ਭਰ ਦੇ ਕੋਨੇ ਕੋਨੇ ਤੋਂ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੂਹ ਸਾਥੀ ਕੀਰਤਨੀ ਜਥੇ ਪੁਜ ਰਹੇ ਹਨ, ਆਪ ਜੀਉ ਸਹਿਤ ਪ੍ਰਵਾਰਾਂ ਅਤੇ ਸਤਿਸੰਗੀਆਂ ਦੇ ਹੁਮ ਹੁਮਾ ਕੇ ਪਵਿਤ੍ਰ ਦੀਦਾਰੇ ਆਇ ਬਖ਼ਸ਼ੋ ਤੇ ਸਤਿਸੰਗਤ ਵਿਚ ਲੀਨ ਹੋ ਕੇ ਅਰਸ਼ੀ ਬਾਣੀ ਦੀਆਂ ਕੀਰਤਨ ਧੁਨਾਂ ਵਿਚ ਜੋੜਨ ਲਈ ਸਹਾਇਤਾ ਬਖ਼ਸ਼ੋ ਜੀ।

ਦਿਲੀ, ਪਟਿਆਲਾ, ਲੁਧਿਆਣਾ, ਤਲਵਾੜਾ, ਚੰਡੀਗੜ, ਨੰਗਲ ਦੇ ਕੀਰਤਨੀ ਜਥਿਆਂ ਦੇ ਪੁਜਣ ਦੀ ਪ੍ਰਵਾਨਗੀ ਆ ਚੁਕੀ ਹੈ।

ਪੁਛ ਗਿੱਛ ਲਈ–

(੧) ਸੁੰਦਰ ਸਿੰਘ (ਮਾਸਟਰ) W.G. 438 ਗੁਰੂ ਨਾਨਕ ਪੁਰਾ, ਨਕੋਦਰ ਰੋਡ ਜਲੰਧਰ।

(੨) ਸੰਤੋਖ ਸਿੰਘ, ਪੰਜਾਬ ਸਿੰਧ ਬੈਂਕ, ਰੇਲਵੇ ਰੋਡ, ਜਾਲੰਧਰ।

–ਆਪ ਦੇ ਦਰਸ਼ਨ ਅਭਿਲਾਸ਼ੀ–
ਨਿਰਬਾਣ ਕੀਰਤਨੀ ਜਥਾ,
ਜਾਲੰਧਰ।

## * ਕੀਰਤਨ ਪ੍ਰੋਗਰਾਮ *

ਗੁਰਦਵਾਰਾ ਮਾਡਲ ਟਾਊਨ ਜਾਲੰਧਰ
੧੬-੧੧-੬੯ ਐਤਵਾਰ ਤੋਂ ੧੮-੧੧-੬੯ ਤਕ

ਅੰਮ੍ਰਿਤ ਵੇਲੇ–੫ ਵਜੇ ਤੋਂ ੧੨ ਵਜੇ ਤਕ ਸ੍ਰੀ ਆਸਾ ਦੀ ਵਾਰ ਤੇ ਅਖੰਡ ਕੀਰਤਨ।

ਸ਼ਾਮ–੬ ਵਜੇ ਤੋਂ ੮ ਵਜੇ ਤਕ ਅਖੰਡ ਕੀਰਤਨ।

ਸੁਲਤਾਨਪੁਰ ਗੁਰਦਵਾਰਾ ਬੇਰ ਸਾਹਿਬ
੧੯-੧੧-੬੯ ਬੁਧਵਾਰ

ਅੰਮ੍ਰਿਤ ਵੇਲੇ--੫ ਵਜੇ ਤੋਂ ਸ਼ਾਮ ਦੇ ੫ ਵਜੇ ਤਕ ਸ੍ਰੀ ਆਸਾ ਦੀ ਵਾਰ ਤੇ ਅਖੰਡ ਕੀਰਤਨ।

ਲਾਇਲਪੁਰ ਖਾਲਸਾ ਹਾਇਰ ਸੈਕੰਡਰੀ ਸਕੂਲ
ਨਵੀਂ ਬਿਲਡਿੰਗ ਨਕੋਦਰ ਰੋਡ, ਜਾਲੰਧਰ
੨੦-੧੧-੬੯ ਵੀਰਵਾਰ

ਅੰਮ੍ਰਿਤ ਵੇਲੇ–੫ ਵਜੇ ਤੋਂ ੧੧ ਵਜੇ ਤਕ ਸ੍ਰੀ ਆਸਾ ਦੀ ਵਾਰ ਤੇ ਅਖੰਡ ਕੀਰਤਨ।

ਸ਼ਾਮ–੬ ਵਜੇ ਤੋਂ ੮ ਵਜੇ ਤਕ ਅਖੰਡ ਕੀਰਤਨ।

ਅੰਮ੍ਰਿਤ ਵੇਲੇ–੪ ਵਜੇ ਤੋਂ ੬-੩੦ ਵਜੇ ਤਕ ਆਸਾ ਦੀ ਵਾਰ ਉਪ੍ਰੰਤ ਪ੍ਰਾਰੰਭ ਸ੍ਰੀ ਅਖੰਡ ਪਾਠ।

ਸਵੇਰੇ–੭ ਵਜੇ ਤੋਂ ੧੧ ਵਜੇ ਤਕ ਅਖੰਡ ਕੀਰਤਨ।

ਸ਼ਾਮ–੬ ਵਜੇ ਤੋਂ ੮ ਵਜੇ ਤਕ ਅਖੰਡ ਕੀਰਤਨ।

੨੨-੧੧-੬੯ ਸਨਿਚਰਵਾਰ

ਅੰਮ੍ਰਿਤ ਵੇਲੇ–੫ ਵਜੇ ਤੋਂ ੧੧ ਵਜੇ ਤਕ ਸ੍ਰੀ ਆਸਾ ਦੀ ਵਾਰ ਤੇ ਅਖੰਡ ਕੀਰਤਨ।

ਸ਼ਾਮ–੬ ਵਜੇ ਤੋਂ ੮ ਵਜੇ ਤਕ ਅਖੰਡ ਕੀਰਤਨ।

੨੩-੧੧-੬੯ ਐਤਵਾਰ

ਅੰਮ੍ਰਿਤ ਵੇਲੇ–੫ ਵਜੇ ਸਮਾਪਤੀ ਸ੍ਰੀ ਅਖੰਡ ਪਾਠ ਉਪ੍ਰੰਤ ਸ੍ਰੀ ਆਸਾ ਦੀ ਵਾਰ ਤੇ ਅਖੰਡ ਕੀਰਤਨ ੧੨ ਵਜੇ ਤਕ।

ਰਾਤ–੮ ਵਜੇ ਤੋਂ ਅੰਮ੍ਰਿਤ ਵੇਲੇ ੮ ਵਜੇ ਤਕ ਰੈਣ ਸਬਾਈ ਕੀਰਤਨ।

ਨੋਟ:–ਬਾਹਰੋਂ ਆਈਆਂ ਸੰਗਤਾਂ ਦੇ ਉਤਾਰੇ ਦਾ ਪ੍ਰਬੰਧ, ਲਾਇਲਪੁਰ ਖਾਲਸਾ ਹਾਇਰ ਸੈਕੰਡਰੀ ਸਕੂਲ ਦੀ ਨਵੀਂ ਬਿਲਡੰਗ ਨਕੋਦਰ ਰੋਡ ਜਾਲੰਧਰ ਵਿਖੇ ਹੋਵੇਗਾ। ਆਉਣ ਵਾਲੀਆਂ ਸੰਗਤਾਂ ਬਿਸਤਰੇ ਲੋੜ ਅਨੁਸਾਰ ਨਾਲ ਲਿਆਉਣ ਦੀ ਕ੍ਰਿਪਾਲਤਾ ਕਰਨ।

www.AKJ.Org

# ਅਸੀਂ ਵਡਭਾਗੀ ਹਾਂ

ਜਿਨ੍ਹਾਂ ਦੀ ਜ਼ਿੰਦਗੀ ਵਿਚ ਪੰਜ ਸੌ ਸਾਲਾ ਗੁਰੂ ਨਾਨਕ ਆਗਮਨ ਗੁਰਪੁਰਬ ਆ ਰਿਹਾ ਹੈ। ਸਾਰੀ ਦੁਨੀਆਂ ਤੇ ਇਸ ਦਿਨ ਲਈ ਤਿਆਰੀਆਂ ਹੋ ਰਹੀਆਂ ਹਨ। ਜਦੋਂ ਕਿਸੇ ਦੁਨਿਆਵੀ ਸਜਣ-ਮਿਤਰ ਜਾਂ ਰਿਸ਼ਤੇਦਾਰ ਦਾ ਜਨਮ ਹੋਵੇ, ਅਸੀਂ ਉਸ ਲਈ ਚੰਗੇ ਚੰਗੇ ਤੋਹਫੇ ਤਿਆਰ ਕਰਦੇ ਹਾਂ।

ਪਰ ਐਤਕੀਂ ਤਾਂ ਦੁਨੀਆਂ ਦੇ ਰਹਿਬਰ ਦਾ ਸਭ ਤੋਂ ਵਡਾ ਦਿਨ ਆ ਰਿਹਾ ਹੈ। ਅਸਾਂ ਆਪਣੇ ਵਲੋਂ ਵਧ ਤੋਂ ਵਧ ਜਪੁਜੀ ਸਾਹਿਬ ਦੇ ਪਾਠ ਕਰਕੇ ਉਸ ਦਾਤੇ ਦੀਆਂ ਖ਼ੁਸ਼ੀਆਂ ਲੈਣੀਆਂ ਹਨ।

ਸੋ ਗੁਰੂ ਪਿਆਰਿਓ ! ਵਧ ਤੋਂ ਵਧ ਜਪੁਜੀ ਸਾਹਿਬ ਦੇ ਪਾਠ ਲਿਖਵਾਕੇ ਦਾਤੇ ਨੂੰ ਰੀਝਾਵੋ। ਓਹ ਨਿਰੰਕਾਰੀ ਦਾਤਾ ਸਰਬਤ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨਹਾਰਾ ਤੇ ਘਟ ਘਟ ਦੀ ਜਾਣਨਹਾਰਾ ਹੈ ਜਦੋਂ ਵੇਹਲ ਮਿਲੇ ਲਗ ਜਾਵੋ ਪਾਠ ਕਰਨ। ਸਮੇਂ ਨੂੰ ਸਫ਼ਲਾ ਕਰੋ।

ਪ੍ਰਾਰਥਕ:– ੫੦੦ ਸਾਲਾ ਨਿਰੰਕਾਰੀ ਗੁਰਪੁਰਬ ਸੈਲੀਬਰੇਸ਼ਨ ਕਮੇਟੀ, ਸਿੰਘਾਪੁਰ

## ਸ਼ੋਕ ਸਮਾਚਾਰ !

ਭਾ: ਤਰਲੋਚਨ ਸਿੰਘ ਦੇ ਪਿਤਾ ਹਕੀਮ ਜੈ ਸਿੰਘ ਜੀ ਚੱਢਾ ਮਹਲਾ ਘੇਰ ਸੋਢੀਆਂ ਪਟਿਆਲਾ ਮਿਤੀ 22-9-69 ਨੂੰ ਗੁਰਪੁਰੀ ਸਿਧਾਰ ਗਏ ਹਨ ਉਹਨਾਂ ਦੇ ਨਮਿਤ ਸਮੂਚੇ ਪ੍ਰਵਾਰ ਵਲੋਂ ਰਖੇ ਅਖੰਡ ਪਾਠ ਦਾ ਭੋਗ ਮਿਤੀ 28-9-69 ਉਪਰੰਤ ਅਖੰਡ ਕੀਰਤਨ ਹੋਇਆ ਉਸ ਸਮੇਂ ਪ੍ਰਵਾਰ ਵਲੋਂ 501 ਰੁਪਏ ਧਰਮ ਕਾਰਜਾਂ ਵਾਸਤੇ ਕਢੇ ਗਏ ਜਿਸ ਵਿਚੋਂ 51 ਰੁਪਏ ਮਾਸਕ ਪਤਰ ਸੂਰਾ ਅਤੇ 11 ਰੁਪਏ ਸੂਰਾ ਪ੍ਰਿੰਟਿੰਗ ਪਰੈਸ ਦੀ ਸਹਾਇਤਾ ਲਈ ਕਢੇ ਗਏ। ਅਸੀਂ ਅਰਦਾਸ ਕਰਦੇ ਹਾਂ ਕਿ ਸਚੇ ਪਾਤਸ਼ਾਹ ਉਸ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਰਵਾਰ ਨੂੰ ਨਾਮ ਬਾਣੀ ਨਾਲ ਜੋੜੀ ਰਖੇ। (ਸੰਪਾਦਕ)

---

## ਸਾਲਾਨਾ ਯਾਦ !

ਸਰਦਾਰਨੀ ਬਲਵੰਤ ਕੌਰ ਸੁਪਤਨੀ ਸ੍ਰ: ਆਤਮਾ ਸਿੰਘ ਬੰਬਈ ਦੀ ਸਾਲਾਨਾ ਯਾਦ ਪਿਛਲੇ ਮਹੀਨੇ ਮਨਾਈ ਗਈ, ਧਰਮ ਕਾਰਜਾਂ ਵਿਚੋਂ ਕਢੀ ਮਾਇਆ 151 ਰੁ: ਸੂਰਾ ਨੂੰ ਭੇਜੇ ਅਸੀਂ ਸਰਦਾਰ ਆਤਮਾ ਸਿੰਘ ਜੀ ਦੇ ਬਹੁਤ ਹੀ ਧੰਨਵਾਦੀ ਹਾਂ ਜਿਹਨਾਂ ਨੇ ਗੁਰਮਤਿ ਪ੍ਰਚਾਰਕ ਸੂਰਾ ਨੂੰ ਯਾਦ ਰਖਿਆ ਹੈ ਸਾਡੀ ਇਹੀ ਅਰਦਾਸ ਹੈ ਕਿ "ਅਬ ਕੀ ਬਾਰ ਬਖ਼ਸ਼ ਬੰਦੇ ਕੋ ਬਹੁਰ ਨ ਭਵਜਿਲ ਫੇਰਾ" ਕਿ ਸਰਦਾਰਨੀ ਬਲਵੰਤ ਕੌਰ ਨੂੰ ਸਚੇ ਪਾਤਸ਼ਾਹ ਆਵਾਗਵਨ ਦੇ ਗੇੜ ਤੋਂ ਬਚਾਏ ਤੇ ਸਰਦਾਰ ਜੀ ਨੂੰ ਗੁਰਸਿਖੀ ਵਲ ਲਾਈ ਰਖੇ। (ਸੰਪਾਦਕ)

---

**ਜ਼ਰੂਰੀ ਬੇਨਤੀ**—ਸੂਰਾ ਦੇ ਸੁਹਿਰਦ ਪਾਠਕਾਂ ਪ੍ਰਤੀ ਅਗੇ ਕਈ ਵਾਰੀ ਬੇਨਤੀ ਕੀਤੀ ਗਈ ਹੈ ਕਿ ਜਿਨ੍ਹਾਂ ਸਜਣਾਂ ਦੇ ਚੰਦੇ ਖ਼ਤਮ ਹੋ ਚੁਕੇ ਹਨ, ਉਹ ਸ਼ੀਘਰ ਹੀ ਆਪਣਾ ਚੰਦਾ ਭੇਜਣ ਦੀ ਕ੍ਰਿਪਾਲਤਾ ਕਰਨ, ਤਾਕਿ ਅਗੋਂ ਲਈ ਪਰਚਾ ਜਾਰੀ ਰਖਿਆ ਜਾ ਸਕੇ।

ਦਾਸ—ਮੈਨੇਜਰ 'ਸੂਰਾ' ਰਾਘੋਮਾਜਰਾ, ਪਟਿਆਲਾ।

www.AKJ.Org

## ਬਾਬੇ ਨਾਨਕ ਦੇ ਪ੍ਰੇਮੀਓ !

ਕਿਉਂਕਿ ਬਾਬਾ ਜੀ ਨੇ.........

* ਘਰੋਗੀ ਸੁਖ ਤੇ ਪਿਆਰ ਨੂੰ ਤਿਆਗ ਕੇ,
* ਕੁਰਾਹੀਆ ਤੇ ਦੀਵਾਨਾ ਸਦਵਾ ਕੇ,
* ਜੰਗਲਾਂ ਤੇ ਉਜਾੜਾਂ ਦੇ ਦੁਖ ਸਹਿਕੇ,

ਗੁਰਬਾਣੀ ਤੇ ਸੱਚੇ ਨਾਮ ਦਾ ਝੰਡਾ ਉਚਾ ਕੀਤਾ। ਇਸ ਲਈ ਤੁਹਾਡਾ ਫ਼ਰਜ਼ ਬਣਦਾ ਹੈ ਕਿ ਤੁਸੀਂ ਘਰੋਗੀ ਸੁਖ ਮਾਣਦੇ ਹੋਏ ਵੀ ਬਾਬੇ ਦੇ ਹੁਕਮਾਂ ਅਨੁਸਾਰ ਅਮਲੀ ਜੀਵਨ ਬਣਾਕੇ ਬਾਬੇ ਦੇ ਮਿਸ਼ਨ ਦਾ ਤਨ ਮਨ ਧਨ ਰਾਹੀਂ ਪਰਚਾਰ ਕਰੋ।

www.AKJ.Org